

ਬੇਜ਼ਿਨ ਚਰਾਗਾਹ
ਇਵਾਨ ਤੁਰਗੇਨੇਵ

ਬੇਜਿਨ ਚਰਾਗਾਹ

ਇਵਾਨ ਸੇਰੇਗੀਏਵਿਚ ਤੁਰਗੇਨੇਵ



ਅਨੁਰਾਗ ਟਰੱਸਟ

ਕੀਮਤ — 20 ਰੁਪਏ

ਪੰਜਾਬੀ ਅਨੁਵਾਦ - ਗੁਰਪ੍ਰੀਤ

ਟਾਈਟਲ ਕਵਰ ਅਤੇ ਰੇਖਾਚਿੱਤਰ — ਰਾਮਬਾਬੂ

ਪਹਿਲਾ ਪੰਜਾਬੀ ਐਡੀਸ਼ਨ — ਸਤੰਬਰ, 2013

ਪ੍ਰਕਾਸ਼ਕ

ਅਨੁਰਾਗ ਟਰੱਸਟ

ਡੀ-68, ਨਿਰਾਲਾਨਗਰ

ਲਖਨਊ - 226020

ਕਿਤਾਬ ਅਤੇ ਇਸਦੇ ਲੇਖਕ ਬਾਰੇ

ਸੱਚਾ ਸਾਹਿਤ ਉਹੀ ਹੁੰਦਾ ਹੈ ਜੋ ਸਾਨੂੰ ਸਾਰੀਆਂ ਮਨੁੱਖ-ਵਿਰੋਧੀ ਅਤੇ ਮਨੁੱਖਦੋਖੀ ਪ੍ਰਵਿਰਤੀਆਂ ਨਾਲ਼ ਨਫ਼ਰਤ ਕਰਨੀ ਸਿਖਾਉਂਦਾ ਹੈ, ਜੋ ਸਾਨੂੰ ਸਮਾਜ ਵਿੱਚ ਮੌਜੂਦ ਬੇਦਿਲੀ, ਸਵਾਰਥ ਅਤੇ ਅੱਤਿਆਚਾਰ ਪ੍ਰਤੀ ਚਿੰਤਤ-ਪ੍ਰੇਸ਼ਾਨ ਹੋਣ ਦੀ ਸੰਵੇਦਨਾ, ਉਹਨਾਂ ਦੇ ਕਾਰਨਾਂ ਦੀ ਭਾਲ਼ ਕਰਨ ਦਾ ਵਿਵੇਕ ਅਤੇ ਉਹਨਾਂ ਵਿਰੁੱਧ ਘੋਲ਼ ਕਰਨ ਦੀ ਹਿੰਮਤ ਅਤੇ ਨੈਤਿਕ ਤਾਕਤ ਪ੍ਰਦਾਨ ਕਰਦਾ ਹੈ ਅਤੇ ਜੋ ਸਾਨੂੰ ਲਗਾਤਾਰ ਬਿਹਤਰ ਇਨਸਾਨ ਬਣਨ ਅਤੇ ਭਵਿੱਖ ਬਾਰੇ ਸੋਚਣ ਲਈ ਪ੍ਰੇਰਿਤ ਕਰਦਾ ਹੈ।

ਜੋ ਵੀ ਮਹਾਨ ਸਾਹਿਤਕਾਰ ਭਵਿੱਖ ਬਾਰੇ ਸੋਚਦੇ ਰਹੇ ਹਨ, ਉਹਨਾਂ ਬੱਚਿਆਂ ਬਾਰੇ ਵੀ ਜਰੂਰ ਸੋਚਿਆ ਹੈ ਕਿਉਂਕਿ ਆਉਣ ਵਾਲ਼ੀ ਦੁਨੀਆਂ ਉਹਨਾਂ ਦੀ ਹੈ ਅਤੇ ਉਸ ਦੁਨੀਆਂ ਵਿੱਚ, ਅੱਜ ਦੇ ਬੱਚੇ ਹੀ ਕੱਲ ਦੇ ਨਾਗਰਿਕ ਦੇ ਰੂਪ ਵਿੱਚ ਆਪਣੇ ਤੋਂ ਅਗਲੀ ਪੀੜ੍ਹੀ ਲਈ ਦੁਨੀਆਂ ਉਸਾਰਨ ਦਾ ਕੰਮ ਕਰਨਗੇ। ਦੁਨੀਆਂ ਦੇ ਜਿਆਦਾਤਰ ਚੋਟੀ ਦੇ ਲੇਖਕਾਂ ਨੇ ਬੱਚਿਆਂ ਲਈ ਅਤੇ ਬੱਚਿਆਂ ਬਾਰੇ ਲਿਖਿਆ ਹੈ, ਤਾਂ ਇਹ ਕੋਈ ਅਤਿਕਥਨੀ ਨਹੀਂ। ਉੱਨੀਵੀਂ ਸਦੀ ’ਚ ਯੂਰਪ ਅਤੇ ਰੂਸ ਵਿੱਚ ਜੋ ਮਹਾਨ ਯਥਾਰਥਵਾਦੀ (ਭਾਵ ਸਮਾਜ ਦੀਆਂ ਨੰਗੀਆਂ ਸੱਚਾਈਆਂ ਨੂੰ ਉਘਾੜਨ ਵਾਲ਼ਾ ਅਤੇ ਉਸਦੀ ਅਲੋਚਨਾ ਕਰਨ ਵਾਲ਼ਾ), ਮਾਨਵਤਾਵਾਦੀ (ਭਾਵ ਉੱਚੀਆਂ ਮਨੁੱਖੀ ਕਦਰਾਂ-ਕੀਮਤਾਂ ਨਾਲ਼ ਲੈਸ, ਮਨੁੱਖਤਾ ਦੇ ਬਿਹਤਰ ਭਵਿੱਖ ਲਈ ਚਿੰਤਤ) ਅਤੇ ਜਮਹੂਰੀ (ਭਾਵ ਜਗੀਰੂ ਕੁਲੀਨਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਅਲੋਚਨਾ ਕਰਨ ਵਾਲ਼ਾ ਅਤੇ ‘ਅਜ਼ਾਦੀ, ਬਰਾਬਰੀ ਤੇ ਭਾਈਚਾਰਾ’ ਦੇ ਅਸੂਲਾਂ ਨੂੰ ਮੰਨਣ ਵਾਲ਼ਾ) ਸਾਹਿਤ ਲਿਖ ਰਹੇ ਸਨ, ਉਹਨਾਂ ਸਾਰਿਆਂ ਨੇ ਖ਼ਾਸ ਤੌਰ ’ਤੇ ਸਰਮਾਏਦਾਰੀ ਸਮਾਜ ਵਿੱਚ ਬੱਚਿਆਂ ਦੀ, ਅਤੇ ਵਿਸ਼ੇਸ਼ ਤੌਰ ’ਤੇ ਗ਼ਰੀਬ-ਯਤੀਮ ਬੱਚਿਆਂ ਦੀ ਦੁਰਦਸ਼ਾ ’ਤੇ ਜਰੂਰ ਕੁੱਝ ਨਾ ਕੁੱਝ ਲਿਖਿਆ ਹੈ, ਅਤੇ ਕੁੱਝ ਨੇ ਤਾਂ ਕਾਫ਼ੀ ਲਿਖਿਆ ਹੈ। ਇਹਨਾਂ ਅਰਥਾਂ ਵਿੱਚ ਤੁਰਗੇਨੇਵ, ਦੋਸਤੋਯੇਵਸਕੀ, ਤਾਲਸਤਾਏ, ਚੈਖ਼ਵ, ਮਾਮਿਨ-ਸਿੰਬਰੀਆਕ ਆਦਿ ਰੂਸੀ ਲੇਖਕ ਯੂਰਪੀ ਦੇਸ਼ਾਂ ਦੇ ਆਪਣੇ ਸਮਕਾਲੀ ਲੇਖਕਾਂ ਤੋਂ ਕੁੱਝ ਕਦਮ ਅੱਗੇ ਹੀ ਸਨ।

ਇਵਾਨ ਸੇਰਗੀਯੇਵਿਚ ਤੁਰਗੇਨੇਵ ਦਾ ਨਾਮ ਉਹਨਾਂ ਹੀਰਿਆਂ ਵਿੱਚ ਸ਼ਾਮਲ ਹੈ, ਜੋ ਸੰਸਾਰ ਸਾਹਿਤ ਨੂੰ ਉੱਨੀਵੀਂ ਸਦੀ ਵਿੱਚ ਰੂਸ ਦੀ ਦੇਣ ਸਨ। ‘ਪਿਤਾ ਅਤੇ ਪੁੱਤਰ’, ‘ਕੁਲੀਨ ਘਰਾਣਾ’, ‘ਪੂਰਬਲੀ ਸੰਧਿਆ’ ਅਤੇ ‘ਰੂਦਿਨ’ ਜਿਹੇ ਉਹਨਾਂ ਦੇ ਨਾਵਲ ਸੰਸਾਰ ਦੇ ਗੌਰਵ-ਗ੍ਰੰਥਾਂ ਦੇ ਕੋਸ਼ ਦੇ ਅਨਮੋਲ ਰਤਨ ਹਨ। ਤੁਰਗੇਨੇਵ ਦਾ ਜਨਮ 1883 ਵਿੱਚ ਇੱਕ ਜਗੀਰੂ ਪਰਿਵਾਰ ਵਿੱਚ ਹੋਇਆ। ਭੂ-ਗ਼ੁਲਾਮਾਂ ਪ੍ਰਤੀ ਆਪਣੀ ਜਗੀਰਦਾਰ ਮਾਂ ਦੀ ਕਠੋਰਤਾ ਨੇ ਬਾਲ ਤੁਰਗੇਨੇਵ ਦੇ ਮਨ ’ਤੇ ਡੂੰਘੀ ਦੁੱਖ ਭਰੀ ਛਾਪ ਛੱਡੀ। ਭੂ-ਗ਼ੁਲਾਮ ਕਿਸਾਨਾਂ ਅਤੇ ਉਹਨਾਂ ਦੇ ਬੱਚਿਆਂ ਦੇ ਨਰਕੀ ਜੀਵਨ ਨੂੰ ਉਹਨਾਂ ਨੇੜਿਓਂ

ਦੇਖਿਆ। 1852 ’ਚ ਪ੍ਰਕਾਸ਼ਿਤ ਆਪਣੀ ਪਹਿਲੀ ਹੀ ਕਿਤਾਬ ‘ਸ਼ਿਕਾਰੀ ਦੇ ਸ਼ਬਦ-ਚਿੱਤਰ’ ਵਿੱਚ ਉਹਨਾਂ ਰੂਸੀ ਸਮਾਜਿਕ ਢਾਂਚੇ ਦੀ ਤਿੱਖੀ ਅਲੋਚਨਾ ਕੀਤੀ ਜਿਸ ਕਰਕੇ ਉਹਨਾਂ ਨੂੰ ਕੁਝ ਸਮਾਂ ਕੈਦ ਅਤੇ ਫਿਰ ਸਪਾਸਕੋਏ ਦੀ ਆਪਣੀ ਜਗੀਰ ਵਿੱਚ ਨਜ਼ਰਬੰਦੀ ਦੀ ਸਜ਼ਾ ਭੁਗਤਣੀ ਪਈ। ਨਿਰੰਕੁਸ਼ ਰੂਸੀ ਸਮਾਜ ਵਿੱਚ ਲਿਖਣ ਦੀ ਅਜ਼ਾਦੀ ’ਤੇ ਪਾਬੰਦੀ ਤੋਂ ਤੰਗ ਤੁਰਗੇਨੇਵ 1862 ’ਚ ਫ਼ਰਾਂਸ ਚਲਾ ਗਿਆ ਅਤੇ ਆਪਣੀ ਮੌਤ ਤੱਕ ਉਥੇ ਹੀ ਰਿਹਾ। ਉਹਨਾਂ ਦੀ ਮੌਤ 1883 ’ਚ ਪੈਰਿਸ ਵਿੱਚ ਹੋਈ।

ਬੱਚਿਆਂ ਦੀ ਅਵਾਜ਼ ਸੁਣ ਸਕਣਾ, ਉਹਨਾਂ ਦੇ ਜੀਵਨ ਦਾ ਸੱਚਾ ਚਿੱਤਰਣ ਕਰਨਾ, ਉਹਨਾਂ ਨੂੰ ਸਿੱਖਿਆ ਦੇਣ ਤੋਂ ਪਹਿਲਾਂ ਉਹਨਾਂ ਨੂੰ ਸਮਝਣ ਦਾ ਯਤਨ ਕਰਨਾ — ਸਾਰੇ ਰੂਸੀ ਲੇਖਕਾਂ ਨੇ ਇਸ ਪੱਖ ’ਤੇ ਅਮਲ ਕੀਤਾ ਹੈ। ਤਾਲਸਤਾਏ ਕਹਿੰਦੇ ਸਨ : “ਸਕੂਲੀ ਵਿਦਿਆਰਥੀ ਬੇਸ਼ੱਕ ਨੰਨ੍ਹੇ ਮਨੁੱਖ ਹਨ, ਪਰ ਅਜਿਹੇ ਮਨੁੱਖ ਜਿੰਨ੍ਹਾਂ ਦੀਆਂ ਸਾਡੇ ਜਿਹੀਆਂ ਲੋੜਾਂ ਹਨ ਅਤੇ ਜੋ ਸਾਡੇ ਵਾਂਗ ਹੀ ਸੋਚਦੇ ਵਿਚਾਰਦੇ ਹਨ।” ਰੂਸੀ ਬਾਲ-ਸਾਹਿਤ ਦੀ ਤਾਕਤ ਇਸ ਗੱਲ ’ਚ ਸ਼ਾਮਲ ਹੈ ਕਿ ਬੱਚਿਆਂ ਨਾਲ਼ ਗੱਲਬਾਤ ਕਰਦੇ ਹੋਏ ਉਹਨਾਂ ਨੂੰ ਪੂਰੀ ਗੰਭੀਰਤਾ ਨਾਲ਼ ਲਿਆ ਜਾਂਦਾ ਹੈ, ਅਹਿਮੀਅਤ ਅਤੇ ਸਤਿਕਾਰ ਦਿੱਤਾ ਜਾਂਦਾ ਹੈ।

ਬੱਚਿਆਂ ਪ੍ਰਤੀ ਆਪਣੇ ਗੰਭੀਰ ਰਵੱਈਏ ਦੀ ਬਦੌਲਤ ਹੀ ਰੂਸੀ ਲੇਖਕ ਬਾਲ-ਪੁਸਤਕਾਂ ਦੀ ਰਚਨਾ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਇਵਾਨ ਤੁਰਗੇਨੇਵ ਨੇ ਲਿਖਿਆ ਹੈ “ਬੱਚਿਆਂ ਲਈ ਚੰਗੀਆਂ ਕਿਤਾਬਾਂ ਲਿਖਣਾ ਬਹੁਤ ਮੁਸ਼ਕਿਲ ਹੈ। ਇਹਦੇ ਲਈ ਵਿਸ਼ੇ ਦਾ ਗੰਭੀਰ ਅਤੇ ਪੂਰਣ ਅਧਿਐਨ, ਮਨੁੱਖੀ ਦਿਲ ਅਤੇ ਖ਼ਾਸ ਤੌਰ ’ਤੇ ਬਾਲ-ਦਿਲ ਦਾ ਗਿਆਨ, ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ, ਲਿੱਪਾ-ਪੋਚੀ ਅਤੇ ਕੁਚੱਜਤਾ ਤੋਂ ਬਿਨਾਂ ਗੱਲ ਕਹਿਣ ਦੀ ਯੋਗਤਾ ਅਤੇ ਧੀਰਜ ਹੀ ਕਾਫ਼ੀ ਨਹੀਂ। ਇਹ ਸਭ ਤਾਂ ਹੋਣਾ ਹੀ ਚਾਹੀਦਾ ਹੈ ਅਤੇ ਇਸਤੋਂ ਇਲਾਵਾ ਲੇਖਕ ਦੇ ਨੈਤਿਕ ਅਤੇ ਸਮਾਜਿਕ ਵਿਕਾਸ ਦਾ ਪੱਧਰ ਉੱਚਾ ਹੋਣਾ ਵੀ ਅਤਿਅੰਤ ਜਰੂਰੀ ਹੈ।” ਇਹ ਆਖ਼ਰੀ ਸ਼ਰਤ - “ਨੈਤਿਕ ਅਤੇ ਸਮਾਜਿਕ ਵਿਕਾਸ ਦਾ ਉਚੇਰਾ ਪੱਧਰ” ਵਿਸ਼ੇਸ਼ ਤੌਰ ’ਤੇ ਮਹੱਤਵਪੂਰਨ ਹੈ। ਬੱਚਿਆਂ ਲਈ ਲਿਖਣ ਵਾਲ਼ਾ ਨੈਤਿਕ ਪੱਖ ਤੋਂ ਚੰਗਾ ਇਨਸਾਨ ਅਤੇ ਆਪਣੇ ਦੇਸ਼ ਅਤੇ ਆਪਣੇ ਦੇਸ਼ ਦੇ ਲੋਕਾਂ ਨਾਲ਼ ਪਿਆਰ ਕਰਨ ਵਾਲ਼ਾ ਵਿਅਕਤੀ ਹੋਣਾ ਚਾਹੀਦਾ ਹੈ।

ਇਸ ਰਹੱਸ ਨੂੰ ਤੁਰਗੇਨੇਵ ਨੇ ਸਮਝਿਆ ਅਤੇ ਇਸ ਲਈ ਉਹਨਾਂ ਬੱਚਿਆਂ ਲਈ ਵੀ ਉਨਾਂ ਹੀ ਵਧੇਰੇ ਬਿਹਤਰ ਲਿਖਿਆ ਹੈ ਜਿੰਨਾਂ ਕਿ ਵੱਡਿਆਂ ਲਈ। ਉਹਨਾਂ ਦੀ ਕਹਾਣੀ ‘ਮੁਮੂ’ ਬਾਲ-ਸਾਹਿਤ ਦੀ ਇੱਕ ਬੇਜੋੜ ਰਚਨਾ ਹੈ। ਇਹ ਇੱਕ ਕੁੱਤੇ ਦੀ ਕਹਾਣੀ ਹੈ ਜਿਸਨੂੰ ਉਸਦੇ ਮਾਲਕ ਗੇਰਾਸਿਮ (ਜੋ ਕਿ ਇੱਕ ਭੂ-ਗ਼ੁਲਾਮ ਹੈ) ਵੱਲੋਂ ਆਪਣੀ ਮਾਲਕਣ ਦੇ ਬੇਰਹਿਮ ਹੁਕਮ ’ਤੇ ਡੁਬੋਣਾ ਪੈਂਦਾ ਹੈ। ਲਿਓ ਤਾਲਸਤਾਏ ਦੀ ਬੇਨਤੀ ’ਤੇ ਤੁਰਗਨੇਵ ਨੇ ‘ਬਾਲ ਅਰਾਮ’ ਰਸਾਲੇ ਲਈ ‘ਬਟੇਰ’ ਕਹਾਣੀ ਲਿਖੀ। ਉਹਨਾਂ ਸ਼ਾਰਲ ਪੈਰੋਂ ਦੀਆਂ ਬਾਲ ਕਥਾਵਾਂ ਦਾ ਵੀ ਫ਼ਰਾਂਸੀਸੀ ਤੋਂ ਰੂਸੀ ਵਿੱਚ ਅਨੁਵਾਦ ਕੀਤਾ ਅਤੇ


ਉਹਨਾਂ ਦੀ ਭੂਮਿਕਾ ਲਿਖੀ।

'ਬੇਜਿਨ ਚਰਾਗਾਹ' ਕਹਾਣੀ ਤੁਰਗੇਨੇਵ ਦੇ ਪਹਿਲੇ ਐਡੀਸ਼ਨ 'ਸ਼ਿਕਾਰੀ ਦੇ ਸ਼ਬਦ-ਚਿੱਤਰ' 'ਚੋਂ ਲਈ ਗਈ ਹੈ। ਵੈਸੇ ਤਾਂ ਇਹ ਕਿਤਾਬ ਵੱਡਿਆਂ ਲਈ ਸੀ, ਪਰ ਇਸਦੀਆਂ ਕਈ ਕਹਾਣੀਆਂ ਨੂੰ ਬਾਲ-ਸਾਹਿਤ 'ਚ ਵੀ ਮਹੱਤਵਪੂਰਨ ਸਥਾਨ ਮਿਲਿਆ, ਜਿਹਨਾਂ ਵਿੱਚ 'ਬੇਜਿਨ ਚਰਾਗਾਹ' ਤੋਂ ਬਿਨਾਂ 'ਬਿਰਯੂਕ', 'ਲਗੋਵ' ਅਤੇ 'ਗਾਇਕ' ਜਿਹੀਆਂ ਕੁੱਝ ਹੋਰ ਕਹਾਣੀਆਂ ਸ਼ਾਮਲ ਹਨ। 'ਸ਼ਿਕਾਰੀ ਦਾ ਸ਼ਬਦ-ਚਿੱਤਰ' ਦੇ ਪ੍ਰਕਾਸ਼ਨ (1852) ਦੇ ਸਮੇਂ ਤੱਕ ਤੁਰਗੇਨੇਵ ਦਾ ਨਾਮ ਬਹੁਤ ਹੀ ਥੋੜੇ ਲੋਕਾਂ ਨੇ ਸੁਣਿਆ ਸੀ। ਪਰ ਇਸਦੇ ਪ੍ਰਕਾਸ਼ਤ ਹੁੰਦੇ ਹੀ ਤੁਰਗੇਨੇਵ ਦੀ ਪ੍ਰਸਿੱਧੀ ਦੇਸ਼-ਵਿਆਪੀ ਹੋ ਗਈ। ਰੂਸੀ ਸਾਹਿਤ ਵਿੱਚ ਇਹ ਪਹਿਲੀ ਅਜਿਹੀ ਰਚਨਾ ਸੀ, ਜਿਸਨੇ ਮੱਧ ਰੂਸ ਦੀ ਮੌਲਿਕ ਸੁੰਦਰਤਾ, ਰਾਈ ਦੇ ਖੇਤਾਂ, ਖੇਤਾਂ ਨਾਲ਼ ਲੱਗਦੇ ਪਿੰਡਾਂ, ਗੰਦੀਆਂ ਸਰਾਵਾਂ, ਰੌਸ਼ਨ ਜੰਗਲ਼ਾਂ, ਸ਼ਾਂਤ ਨਦੀਆਂ ਅਤੇ ਖੇਤਾਂ ਵਿੱਚੋਂ ਲੰਘਦੀਆਂ ਖੁੱਲੀਆਂ ਸੜਕਾਂ ਦਾ ਚਿੱਤਰਣ ਕੀਤਾ ਗਿਆ ਸੀ। ਇਹਨਾਂ ਕਹਾਣੀਆਂ ਦੇ ਜ਼ਿਆਦਾਤਰ ਨਾਇਕ ਭੂ-ਗ਼ੁਲਾਮ ਕਿਸਾਨ ਹਨ — ਅਨਪੜ੍ਹ, ਪਰ ਸਿਆਣੇ, ਪ੍ਰਤਿਭਾਵਾਨ ਅਤੇ ਸਾਫ਼ ਮਨ ਦੇ ਲੋਕ। ਇਹ ਕਹਾਣੀ ਆਪਣੇ ਨਾਲ਼ ਪੜ੍ਹਨ ਵਾਲ਼ੇ ਬੱਚਿਆਂ ਨੂੰ ਵੀ ਗਰਮੀ ਦੀ ਇੱਕ ਛੋਟੀ ਜਿਹੀ ਰਾਤ ਬਿਤਾਉਣ ਰੂਸ ਦੇ ਉਸ ਕੇਂਦਰੀ ਭਾਗ ਵਿੱਚ ਪਹੁੰਚਾ ਦੇਵੇਗੀ ਜਿੱਥੇ ਦੱਖਣ ਦੇ ਜੰਗਲ਼-ਵਿਹੂਣੇ ਪੱਧਰੇ ਮੈਦਾਨ (ਸਤੇਪੀ) ਉੱਤਰ ਦੇ ਸੰਘਣੇ ਜੰਗਲ਼ਾਂ ਨਾਲ਼ ਮਿਲ਼ਦੇ ਹਨ ਅਤੇ ਜਿੱਥੇ ਕਾਲ਼ੀ ਮਿੱਟੀ ਵਾਲ਼ੇ ਉਪਜਾਊ ਖੇਤ ਫੈਲੇ ਹੋਏ ਹਨ।

ਇਸ ਕਹਾਣੀ ਵਿੱਚ ਤੁਰਗੇਨੇਵ ਨੇ ਭੂ-ਗ਼ੁਲਾਮ ਕਿਸਾਨਾਂ ਦੇ ਦੁੱਖਾਂ ਮਾਰੇ, ਅਨਪੜ੍ਹ ਪਰ ਨਿਸ਼ਕਪਟ ਅਤੇ ਨਿਰਦੋਸ਼ ਬੱਚਿਆਂ ਦੇ ਕਠੋਰ ਜੀਵਨ ਅਤੇ ਖੁਸ਼ਮਿਜ਼ਾਜੀ ਨਾਲ਼ ਹੀ ਦੰਦ-ਕਥਾਵਾਂ ਦਾ ਕਾਵਮਈ ਵਰਣਨ ਕੀਤਾ ਹੈ। ਇਹਨਾਂ ਬੱਚਿਆਂ ਦੇ ਅੰਧਵਿਸ਼ਵਾਸਾਂ ਵਿੱਚ ਵੀ ਜੋ ਹੈਰਾਨੀਜਨਕ ਖਿੱਚ, ਸਹਿਜਤਾ ਅਤੇ ਕਾਵਿਕਤਾ ਹੈ, ਉਹ ਆਪਣੇ ਆਸ-ਪਾਸ ਦੀ ਕੁਦਰਤ ਜਿਹੀ ਹੀ ਹੈ। ਇਹਨਾਂ ਬੱਚਿਆਂ ਦਾ ਜੀਵਨ ਕਠੋਰ ਹੈ ਅਤੇ ਵਕਤੋਂ ਪਹਿਲਾਂ ਮੌਤ ਹੀ ਉਹਨਾਂ 'ਚੋਂ ਕਈਆਂ ਦਾ ਨਸੀਬ ਹੈ, ਪਰ ਆਪਣੇ ਦਿਲਾਂ ਦੀ ਕੁਦਰਤੀ ਸਹਿਜਤਾ ਨਾਲ਼ ਇਹ ਬੱਚੇ ਜੀਵਨ-ਰਸ ਨਿਚੋੜਨਾ ਜਾਣਦੇ ਹਨ। ਅਸਹਿ ਜੀਵਨ ਹਾਲਤਾਂ ਵਿੱਚ ਵੀ ਉਹਨਾਂ ਅੰਦਰ ਮੌਜੂਦ ਜ਼ਿੰਦਾਦਿਲੀ, ਮੌਲਿਕਤਾ ਅਤੇ ਰਚਨਾਤਮਕਤਾ ਇਸਦਾ ਸਬੂਤ ਹਨ।

— ਪ੍ਰਕਾਸ਼ਕ

ਬੇਜਿਨ ਚਰਾਗਾਹ



ਜੁਲਾਈ ਦਾ ਇੱਕ ਸੋਹਣਾ ਦਿਨ ਸੀ। ਅਜਿਹੇ ਦਿਨ ਮੌਸਮ ਦੇ ਉਤਾਰ-ਚੜਾਅ ਲੰਘ ਜਾਣ ਮਗਰੋਂ ਹੀ ਪ੍ਰਗਟ ਹੁੰਦੇ ਹਨ। ਤੜਕੇ ਸਵੇਰ ਤੋਂ ਹੀ ਅਸਮਾਨ ਨਿੱਖਰਿਆ ਹੁੰਦਾ ਹੈ। ਸੂਰਜ ਦੀਆਂ ਕਿਰਨਾਂ ਅੱਗ ਵਾਂਗ ਨਹੀਂ ਭਖਦੀਆਂ, ਬੱਸ ਇੱਕ ਗੁਲਾਬੀ ਰੌਸ਼ਨੀ ਚਾਰੇ ਪਾਸੇ ਫੈਲ ਜਾਂਦੀ ਹੈ। ਸੂਰਜ ਨਾ ਤਾਂ ਦਮਘੋਟੂ ਸੋਕੇ ਦੇ ਦਿਨਾਂ ਵਾਂਗਰ ਅੱਗ ਵਰਾਉਂਦਾ, ਲਾਲ ਭੰਬੂਕਾ ਅਤੇ ਨਾ ਹੀ ਝੱਖੜ ਦੀ ਆਮਦ ਜਿਹਾ ਸਖ਼ਤ ਧੁੰਧਲ਼ਕਾ ਲੱਗਦਾ ਹੈ, ਸਗੋਂ ਦੇਵ-ਮੰਡਲੀ ਉਜੱਲ ਬੱਦਲਾਂ ਦੀ ਲੰਮੀ, ਪਤਲੀ ਪੱਟੀ ਹੇਠੋਂ ਹੌਲ਼ੀ ਜਿਹੇ ਨਿੱਕਲ਼ਦਾ ਹੈ, ਤਾਜ਼ਗੀ ਖਿਲਾਰਦਾ ਹੈ ਅਤੇ ਫਿਰ ਉਸਦੀ ਲਾਲ-ਨੀਲੀ ਧੁੰਦ ਵਿੱਚ ਗੁਆਚ ਜਾਂਦਾ ਹੈ। ਬੱਦਲਾਂ ਦੀ ਪੱਟੀ ਦੇ ਉੱਪਰੀ ਕਿਨਾਰਿਆਂ 'ਤੇ ਪ੍ਰਕਾਸ਼ੀ ਸੱਪ ਵਲ਼ ਖਾਂਦੇ ਹਨ, ਚਾਂਦੀ ਦੇ ਵਰਕ ਵਾਂਗ ਚਮਕਦੇ ਹਨ ਅਤੇ ਫਿਰ ਕਿਰਨਾਂ ਨੱਚਦੀਆਂ ਹਨ, ਹੌਲ਼ੀ-ਹੌਲ਼ੀ ਪ੍ਰਕਾਸ਼ ਚਮਕੀਲੇ ਖੰਭਾਂ ਨਾਲ਼ ਉੱਪਰ ਉੱਠਣ ਲਗਦਾ ਹੈ। ਪਹਿਲਾਂ ਦੁਪਹਿਰ ਦੇ ਸਮੇਂ ਅਕਾਸ਼ ਵਿੱਚ ਖ਼ੂਬ ਉੱਚੇ ਗੋਲ਼-ਗੋਲ਼ ਬੱਦਲ ਛਾ ਜਾਂਦੇ ਹਨ – ਸੁਨਿਹਰੇ, ਸੁਰਮਈ ਅਤੇ ਦੁਧੀਆ ਗੋਟਿਆਂ 'ਚ ਪਰੋਏ। ਪਲਾਵਿਤ ਨਦੀ ਦੀ ਛਾਤੀ 'ਤੇ ਫੈਲੇ ਉਹ ਸਥਿਰ ਟਾਪੂਆਂ ਜਿਹੇ ਲਗਦੇ ਹਨ, ਡੂੰਘੀ ਪਾਰਦਰਸ਼ੀ ਨੀਲੱਤਣੀ ਜਲਧਾਰਾ ਦਾ ਅਨੰਤ ਵਿਸਥਾਰ ਇਹਨਾਂ ਨੂੰ ਧੋਂਦਾ ਹੈ। ਦੂਰ, ਅਸਮਾਨ ਦੀ ਨਿਵਾਣ ਵਿੱਚ ਉਹ ਇੱਕ-ਦੂਜੇ ਦੇ ਨੇੜੇ-ਨੇੜੇ ਆ ਜਾਂਦੇ ਹਨ, ਆਪਸ ਵਿੱਚ ਗੁੰਦਦੇ ਹਨ ਅਤੇ ਉਹਨਾਂ ਵਿੱਚ ਨੀਲੱਤਣ ਹੁਣ ਨਹੀਂ ਦਿਸਦੀ; ਪਰ ਉਹ ਖ਼ੁਦ ਵੀ ਅਕਾਸ਼ ਜਿਹੇ ਹੀ

ਅਸਮਾਨੀ ਰੰਗ ਦੇ ਹੁੰਦੇ ਹਨ – ਰੌਸ਼ਨੀ ਅਤੇ ਗਰਮਾਹਟ 'ਚ ਲੀਨ। ਦੁਮੇਲ ਦਾ ਰੰਗ ਹਲਕਾ ਨੀਲ ਕਮਲ ਜਿਹਾ ਹੁੰਦਾ ਹੈ ਅਤੇ ਦਿਨ ਭਰ ਨਹੀਂ ਬਦਲਦਾ, ਚਾਰੇ ਪਾਸੇ ਇੱਕੋ ਜਿਹਾ ਰਹਿੰਦਾ ਹੈ। ਕਿਧਰੇ ਵੀ ਕਾਲ਼ਖ ਨਹੀਂ ਛਾਉਂਦੀ, ਘਟਾਵਾਂ ਨਹੀਂ ਉੱਭਰਦੀਆਂ। ਬੱਸ ਕਿਤੇ-ਕਿਤੇ ਹੀ ਅਕਾਸ਼ ਧਰਤੀ ਵੱਲ ਅਸਮਾਨੀ ਹੱਥ ਵਧਾ ਦੇਂਦਾ ਹੈ: ਇਹ ਹਲਕੀ ਕਿਣਮਿਣ ਹੈ। ਸ਼ਾਮ ਢਲ਼ਦੇ-ਢਲ਼ਦੇ ਇਹ ਬੱਦਲ਼ ਮਗਨ ਹੋ ਜਾਂਦੇ ਹਨ। ਧੂੰਏ ਜਿਹੇ ਅਨਿਸ਼ਚਿਤ ਅਕਾਰ ਦੇ ਕਾਲ਼ੇਪਣ ਸਮੇਤ ਉਹਨਾਂ ਦੇ ਅੰਤਿਮ ਅਵਸ਼ੇਸ਼ ਡੁੱਬਦੇ ਸੂਰਜ ਸਾਹਮਣੇ ਰੂੰ ਦੇ ਗੁਲਾਬੀ ਢੇਰਾਂ 'ਚੋਂ ਉੱਤਰ ਆਉਂਦੇ ਹਨ। ਜਿਸ ਸ਼ਾਂਤ ਭਾਵ ਨਾਲ਼ ਸੂਰਜ ਉਦੈ ਹੋਇਆ ਸੀ, ਉਸੇ ਸ਼ਾਂਤ ਭਾਵ ਨਾਲ਼ ਉਹ ਪੱਛਮ ਦੇ ਪਹਾੜਾਂ ਵਿੱਚ ਚਲਿਆ ਜਾਂਦਾ ਹੈ ਅਤੇ ਉਥੇ ਧੁੰਦਲ਼ੇ ਚਾਨਣ ਦੀ ਚਾਦਰ ਪਸਾਰਦੀ ਧਰਤੀ 'ਤੇ ਕੁੱਝ ਦੇਰ ਲਾਲੀ ਛਾਈ ਰਹਿੰਦੀ ਹੈ। ਸੰਭਾਲ਼ ਕੇ ਲਿਜਾਈ ਜਾ ਰਹੀ ਦੀਵੇ ਦੀ ਲਾਟ ਵਾਂਕਣ ਸ਼ਾਮ ਦਾ ਤਾਰਾ ਟਿਮਟਿਮਾ ਉੱਠਦਾ ਹੈ। ਅਜਿਹੇ ਦਿਨਾਂ ਵਿੱਚ ਸਾਰੇ ਰੰਗ ਕੋਮਲ ਹੁੰਦੇ ਹਨ, ਨਿੱਖਰੇ ਪਰ ਭੜਕੀਲੇ ਨਹੀਂ। ਚਾਰੇ ਪਾਸੇ ਦਿਲਟੁੰਬਵੀਂ ਸੁੰਦਰਤਾ ਦਾ ਵਾਤਾਵਰਣ ਹੁੰਦਾ ਹੈ। ਅਜਿਹੇ ਦਿਨਾਂ ਵਿੱਚ ਗਰਮੀਂ ਕਾਫ਼ੀ ਤੇਜ਼ ਹੁੰਦੀ ਹੈ, ਕਦੇ-ਕਦੇ ਤਾਂ ਖੇਤਾਂ ਦੀਆਂ ਢਲਾਣਾਂ ਤੋਂ ਭਾਫ਼ ਜਿਹੀ ਉੱਠਦੀ ਦਿਖਦੀ ਹੈ, ਪਰ ਹਵਾ ਇਸ ਤਪਸ਼ ਨੂੰ ਉਡਾ ਕੇ ਲੈ ਜਾਂਦੀ ਹੈ ਅਤੇ ਸਥਿਰ ਮੌਸਮ ਦੇ ਪੱਕੇ ਚਿੰਨ੍ਹ – ਧੂੜ ਦੇ ਬਗ਼ਲੇ ਉੱਚੇ ਸਫ਼ੇਦ ਰੂੰ ਜਿਹੇ ਖੇਤਾਂ ਨੂੰ ਪਾਰ ਕਰਦੇ ਹੋਏ ਸੜਕਾਂ 'ਤੇ ਉੱਡਦੇ ਜਾਂਦੇ ਹਨ। ਤਾਜ਼ੀ ਖੁਸ਼ਕ ਹਵਾ ਵਿੱਚ



ਚਿਰਾਇਤੇ (ਦਵਾਈ 'ਚ ਵਰਤਿਆ ਜਾਣ ਵਾਲ਼ਾ ਇੱਕ ਬੂਟਾ), ਕੱਟੀ ਹੋਈ ਰਾਈ ਅਤੇ ਬਾਜ਼ਰੇ ਦੀ ਮਹਿਕ ਘੁਲ਼ੀ ਹੁੰਦੀ ਹੈ। ਰਾਤ ਢਲਣ ਤੋਂ ਦੋ ਘੜੀ ਪਹਿਲਾਂ ਵੀ ਨਮੀਂ ਦਾ ਅਹਿਸਾਸ ਨਹੀਂ ਹੁੰਦਾ। ਕਿਸਾਨ ਫ਼ਸਲ ਵੱਢਣ ਲਈ ਅਜਿਹੇ ਹੀ ਮੌਸਮ ਦੀ ਕਾਮਨਾ ਕਰਦੇ ਹਨ।

ਠੀਕ ਅਜਿਹੇ ਹੀ ਦਿਨ ਤੂਲਾ ਸੂਬੇ ਦੇ ਚੇਰਨ ਜ਼ਿਲ੍ਹੇ ਵਿੱਚ ਮੈਂ ਜੰਗਲ਼ੀ ਮੁਰਗਿਆਂ ਦਾ ਸ਼ਿਕਾਰ ਕਰਨ ਨਿੱਕਲਿਆ ਸਾਂ। ਮੈਂ ਬਹੁਤ ਸਾਰੀਆਂ ਚਿੜੀਆਂ ਮਾਰ ਲਈਆਂ ਸਨ ਅਤੇ ਮੇਰਾ ਭਰਿਆ ਹੋਇਆ ਝੋਲ਼ਾ ਬੇਰਹਿਮੀ ਨਾਲ਼ ਮੋਢੇ ਵਿੱਚ ਖੁੱਭ ਰਿਹਾ ਸੀ। ਸ਼ਾਮ ਢਲ਼ ਰਹੀ ਸੀ, ਡੁੱਬਦੇ ਸੂਰਜ ਦੀਆਂ ਕਿਰਨਾਂ ਅਕਾਸ਼ ਨੂੰ ਨਹੀਂ ਸੀ ਰੁਸ਼ਨਾ ਰਹੀਆਂ, ਤਾਂ ਵੀ ਚਾਨਣ ਸੀ, ਸ਼ਾਮ ਦੀ ਸ਼ੀਤਲ ਚਮਕ ਵਿੱਚ ਧੁੰਦਲਕਾ ਗਹਿਰਾਉਂਦਾ ਹੋਇਆ ਵਧ ਰਿਹਾ ਸੀ। ਉਦੋਂ ਜਾ ਕੇ ਮੈਂ ਘਰ ਮੁੜਨ ਦਾ ਫ਼ੈਸਲਾ ਕੀਤਾ। ਤੇਜ਼ ਕਦਮ ਪੁੱਟਦੇ ਹੋਏ ਮੈਂ ਝਾੜੀਆਂ ਦਾ ਮੈਦਾਨ ਪਾਰ ਕੀਤਾ, ਅਤੇ ਟਿੱਬੇ 'ਤੇ ਚੜ ਗਿਆ। ਪਰ ਮੇਰੀ ਆਸ ਦੇ ਉਲਟ ਨਾ ਤਾਂ ਸੱਜੇ ਪਾਸੇ ਬਲੂਤ ਦੀਆਂ ਝਾੜੀਆਂ ਸਨ ਤੇ ਨਾ ਹੀ ਦੂਰ ਕਿਤੇ ਛੋਟਾ ਜਿਹਾ ਸਫ਼ੇਦ ਗਿਰਜਾ ਨਜ਼ਰ ਆ ਰਿਹਾ ਸੀ। ਇਹ ਤਾਂ ਬਿਲਕੁਲ ਹੀ ਕੋਈ ਦੂਸਰੀ ਅਣਜਾਣ ਜਗ੍ਹਾ ਸੀ। ਹੇਠਾਂ ਇੱਕ ਤੰਗ ਘਾਟੀ ਫੈਲੀ ਹੋਈ ਸੀ ਅਤੇ ਬਿਲਕੁਲ ਸਾਹਮਣੇ ਤੇਜ਼ ਢਲਾਣ 'ਤੇ ਐਪਸ ਦੇ ਰੁੱਖਾਂ ਦਾ ਸੰਘਣਾ ਝੁਰਮਟ ਫੈਲਿਆ ਹੋਇਆ ਸੀ। ਮੈਂ ਹੈਰਾਨ-ਪ੍ਰੇਸ਼ਾਨ ਹੋਇਆ ਰੁਕ ਗਿਆ, ਇੱਧਰ-ਉੱਧਰ ਨਜ਼ਰ ਦੌੜਾਈ। "ਹੱਤ ਤੇਰੇ ਦੀ! ਮੈਂ ਤਾਂ ਬਿਲਕੁਲ ਦੂਸਰੀ ਜਗ੍ਹਾ ਪਹੁੰਚ ਗਿਆ: ਜ਼ਿਆਦਾ ਹੀ ਖੱਬੇ ਪਾਸੇ ਨੂੰ ਤੁਰ ਆਇਆਂ।", ਮੈਂ ਸੋਚਿਆ। ਆਪਣੀ ਗਲਤੀ 'ਤੇ ਹੈਰਾਨ ਹੁੰਦਾ ਮੈਂ ਫੁਰਤੀ ਨਾਲ਼ ਟਿੱਲੇ 'ਤੋਂ ਉੱਤਰ ਗਿਆ। ਪਲਾਂ ਵਿੱਚ ਹੀ ਨਾਪਸੰਦ ਜਿਹੀ, ਸਥਿਰ ਸਿੱਲ ਨੇ ਮੈਨੂੰ ਘੇਰ ਲਿਆ, ਜਿਵੇਂ ਮੈਂ ਕਿਸੇ ਤਹਿਖਾਨੇ 'ਚ ਉੱਤਰ ਆਇਆ ਹੋਵਾਂ। ਘਾਟੀ ਦੇ ਤਲ 'ਤੇ ਸੰਘਣੇ ਉੱਚੇ ਘਾਹ ਦੀ ਇਕਦਮ ਗਿੱਲੀ, ਸਫ਼ੇਦ, ਪੱਧਰੀ ਚਾਦਰ ਵਿਛੀ ਹੋਈ ਸੀ, ਉਸ 'ਤੇ ਤੁਰਦੇ ਹੋਏ ਮਨ ਡੋਲਦਾ ਸੀ। ਮੈਂ ਜਲਦੀ-ਜਲਦੀ ਘਾਟੀ ਪਾਰ ਕੀਤੀ ਅਤੇ ਖੱਬੇ ਪਾਸੇ ਘੁੰਮਦਾ ਹੋਇਆ ਐਪਸ ਦੇ ਨਾਲ਼-ਨਾਲ਼ ਚੱਲਣ ਲੱਗਾ। ਐਪਸਾਂ ਦੇ ਊਂਘਦੇ ਸ਼ਿਖਰਾਂ ਉੱਪਰ ਚਮਗਿੱਦੜ ਉੱਡਣ ਲੱਗੇ ਸਨ। ਅਸਪੱਸ਼ਟ ਜਿਹੇ ਨਿਰਮਲ ਅਕਾਸ਼ ਵਿੱਚ ਫੜਫੜਾਉਂਦੇ ਹੋਏ ਉਹ ਰਹੱਸਮਈ ਜੀਵ ਲੱਗ ਰਹੇ ਸਨ। ਅਕਾਸ਼ ਵਿੱਚ ਕਾਫ਼ੀ ਉਚਾਈ 'ਤੇ ਇੱਕ ਬਾਜ਼ ਆਪਣੇ ਆਲਣੇ 'ਚ ਮੁੜਨ ਦੀ ਜਲਦੀ ਵਿੱਚ ਤੇਜੀ ਨਾਲ਼ ਸਿੱਧਾ ਉੱਡਦਾ ਲੰਘ ਗਿਆ। ਮੈਂ ਸੋਚ ਰਿਹਾ ਸੀ: "ਬੱਸ, ਉਸ ਕਿਨਾਰੇ ਤੱਕ ਪਹੁੰਚਦੇ ਹੀ ਅੱਗੇ ਸੜਕ ਹੋਵੇਗੀ। ਹਾਂ, ਪੰਜ ਫ਼ਰਲਾਂਗ ਦਾ ਚੱਕਰ ਤਾਂ ਲੱਗ ਹੀ ਗਿਆ!"

ਆਖ਼ਰ ਮੈਂ ਜੰਗਲ਼ ਦੇ ਉਸ ਕਿਨਾਰੇ ਤੱਕ ਪਹੁੰਚ ਗਿਆ, ਪਰ ਉਥੇ ਕੋਈ ਸੜਕ ਨਹੀਂ ਸੀ। ਮੇਰੇ ਸਾਹਮਣੇ ਨਿੱਕੀਆਂ-ਨਿੱਕੀਆਂ ਝਾੜੀਆਂ ਫੈਲੀਆਂ ਹੋਈਆਂ ਸਨ ਅਤੇ ਉਹਨਾਂ ਦੇ ਪਿੱਛੇ ਦੂਰ-ਦੂਰ ਤੱਕ ਸੁੰਨੇ ਖੇਤ ਦਿਸ ਰਹੇ ਸਨ। ਮੈਂ ਫਿਰ ਰੁਕ ਗਿਆ। "ਕੀ ਮਾਜਰਾ ਹੈ।"...ਆਖ਼ਿਰ ਕਿੱਥੇ ਆ ਪਹੁੰਚਿਆ ਮੈਂ ?"

ਮੈਂ ਇਹ ਯਾਦ ਕਰਨ ਲੱਗਾ ਕਿ ਮੈਂ ਦਿਨ ਭਰ ਕਿੱਧਰ-ਕਿੱਧਰ ਗਿਆ ਸੀ। "ਉਹ ਹਾਂ, ਇਹ ਤਾਂ ਪਰਾਖਿਨੋਂ ਦੀਆਂ ਝਾੜੀਆਂ ਹਨ।" ਆਖ਼ਰ ਮੇਰੇ ਮੂੰਹੋਂ ਨਿੱਕਲਿਆ, "ਅਤੇ ਉਹ ਉਥੇ ਸਿੰਦੇਯੇਵ ਝਾੜੀਆਂ ਹੋਣੀਆਂ ਚਾਹੀਦੀਆਂ ਹਨ...ਮੈਂ ਇੰਨੀ ਦੂਰ ਕਿਵੇਂ ਆ ਗਿਆ ?...ਅਜ਼ੀਬ ਗੱਲ ਹੈ! ਹੁਣ ਫੇਰ ਸੱਜੇ ਚੱਲਣਾ ਚਾਹੀਦਾ ਹੈ।"

ਮੈ ਝਾੜੀਆਂ ਵਿੱਚੋਂ ਸੱਜੇ ਪਾਸੇ ਨੂੰ ਵਧਣ ਲੱਗਾ। ਉਧਰ ਰਾਤ ਢਲ਼ਦੀ ਆ ਰਹੀ ਸੀ, ਕਾਲ਼ੀ ਘਟਾ ਦੀ ਤਰ੍ਹਾਂ ਵਧਦੀ ਹੀ ਆ ਰਹੀ ਸੀ। ਲਗਦਾ ਸੀ ਕਿ ਸ਼ਾਮ ਦੀ ਧੁੰਦ ਨਾਲ਼ ਚਾਰੇ ਪਾਸਿਓਂ ਹਨੇਰਾ ਉੱਠ ਰਿਹਾ ਹੈ ਅਤੇ ਉੱਪਰੋਂ ਵੀ ਫੈਲ ਰਿਹਾ ਹੈ। ਮੈਂ ਕਿਸੇ ਪਗਡੰਡੀ 'ਤੇ ਜਾ ਪਹੁੰਚਿਆ। ਪਗਡੰਡੀ 'ਤੇ ਘਾਹ ਉੱਗ ਆਇਆ ਸੀ, ਪਤਾ ਨਹੀਂ ਕਦੋਂ ਤੋਂ ਉਸ 'ਤੇ ਕੋਈ ਤੁਰਿਆ ਨਹੀਂ ਸੀ। ਧਿਆਨ ਨਾਲ਼ ਅੱਗੇ ਦੇਖਦਾ ਹੋਇਆ ਮੈਂ ਉਸ 'ਤੇ ਤੁਰਨ ਲੱਗਾ। ਚਾਰੇ ਪਾਸੇ ਸਾਰਾ ਕੁੱਝ ਤੇਜ਼ੀ ਨਾਲ਼ ਕਾਲ਼ਾ ਪੈਂਦਾ ਜਾ ਰਿਹਾ ਸੀ ਅਤੇ ਖ਼ਾਮੋਸ਼ੀ ਛਾ ਰਹੀ ਸੀ — ਬੱਸ ਕਦੇ-ਕਦਾਈਂ ਕੋਈ ਬਟੇਰਾ ਚਹਿਕ ਪੈਂਦਾ। ਆਪਣੇ ਕੋਮਲ ਖੰਭਾਂ 'ਤੇ ਬਿਨਾਂ ਅਵਾਜ਼ ਤੋਂ ਉੱਡਦਾ ਕੋਈ ਰਾਤ ਦਾ ਪੰਛੀ ਮੇਰੇ ਨਾਲ਼ ਟਕਰਾਉਂਦਾ ਬਚਿਆ ਅਤੇ ਸਹਿਮਿਆ ਹੋਇਆ ਇੱਕ ਪਾਸੇ ਹਨੇਰੇ ਵਿੱਚ ਗੋਤਾ ਲਾ ਗਿਆ। ਮੈਂ ਝਾੜੀਆਂ ਦਾ ਮੈਦਾਨ ਪਾਰ ਕੀਤਾ ਅਤੇ ਖੇਤ ਵਿੱਚ ਵੱਟੋ-ਵੱਟ ਚੱਲਣ ਲੱਗਿਆ। ਹੁਣ ਦੂਰ ਦੀਆਂ ਚੀਜਾਂ ਮੁਸ਼ਕਿਲ ਨਾਲ਼ ਹੀ ਨਜ਼ਰ ਆ ਰਹੀਆਂ ਸਨ: ਅਤੇ ਧੁੰਦਲ਼ਾ ਸਫ਼ੇਦ ਖੇਤ ਫੈਲਿਆ ਹੋਇਆ ਸੀ। ਉਸਦੇ ਪਾਰ ਹਨੇਰਾ ਪਲ-ਪਲ ਵਧਦਾ ਜਾ ਰਿਹਾ ਸੀ। ਸਥਿਰ ਹੁੰਦੀ ਹਵਾ ਵਿੱਚ ਮੇਰੇ ਕਦਮਾਂ ਦੀ ਦੱਬੀ-ਦੱਬੀ ਅਵਾਜ਼ ਗੂੰਜ ਰਹੀ ਸੀ। ਧੁੰਦ ਪੈ ਗਈ, ਅਕਾਸ਼ ਫਿਰ ਤੋਂ ਨੀਲਾ ਹੋ ਰਿਹਾ ਸੀ, ਪਰ ਇਹ ਰਾਤ ਦੀ ਨੀਲੱਤਣ ਸੀ। ਤਾਰੇ ਨਿੱਕਲ਼ ਆਏ, ਟਿਮਟਿਮਾਉਣ ਲੱਗੇ।



ਜਿਸਨੂੰ ਮੈਂ ਝਾੜੀਆਂ ਸਮਝ ਰਿਹਾ ਸੀ, ਉਹ ਕਾਲ਼ਾ ਗੋਲ਼ਾਕਾਰ ਟਿੱਲਾ ਨਿੱਕਲਿਆ। "ਆਖ਼ਿਰ ਕਿੱਥੇ ਆ ਗਿਆ ਮੈਂ ?" ਮੈਂ ਫਿਰ ਕਿਹਾ, ਤੀਸਰੀ ਵਾਰ ਰੁਕਿਆ ਅਤੇ ਸਵਾਲੀਆ ਨਜ਼ਰਾਂ ਨਾਲ਼ ਆਪਣੇ ਅੰਗਰੇਜ਼ ਨਸਲ ਦੇ ਪੀਲ਼ੇ-ਚਿਤਕਬਰੇ ਕੁੱਤੇ ਦਿਆਂਕਾ ਵੱਲ ਦੇਖਿਆ, ਜੋ ਬਿਨਾਂ ਸ਼ੱਕ ਸਾਰੇ ਚਾਰ ਪੈਰਾਂ ਵਾਲ਼ਿਆਂ ਵਿੱਚੋਂ ਸਭ ਤੋਂ ਅਕਲਮੰਦ ਹੈ। ਪਰ ਸਭ ਤੋਂ ਅਕਲਮੰਦ ਕੁੱਤੇ ਨੇ ਬੱਸ ਆਪਣੀ ਪੂੰਛ ਹਿਲਾ ਦਿੱਤੀ, ਆਪਣੀ ਥੱਕੀਆਂ ਅੱਖਾਂ ਝਪਕਾਈਆਂ ਅਤੇ ਕੋਈ ਕੰਮ ਦੀ ਸਲਾਹ ਨਾ ਦਿੱਤੀ। ਮੈਨੂੰ ਉਸਦੇ

ਸਾਹਮਣੇ ਸ਼ਰਮ ਆਈ ਅਤੇ ਮੈਂ ਇਕਦਮ ਅੱਗੇ ਚੱਲ ਪਿਆ, ਸਮਝੋ ਜਿਵੇਂ ਅਚਾਨਕ ਮੈਨੂੰ ਪਤਾ ਲੱਗ ਗਿਆ ਹੋਵੇ ਕਿ ਕਿੱਧਰ ਜਾਣਾ ਚਾਹੀਦਾ ਹੈ। ਟਿੱਲੇ ਦਾ ਚੱਕਰ ਕੱਟਦਿਆਂ ਉਸਨੂੰ ਪਾਰ ਕੀਤਾ ਅਤੇ ਇੱਕ ਘਾਟੀ ਵਿੱਚ ਜਾ ਪਹੁੰਚਿਆ, ਜੋ ਬਹੁਤੀ ਡੂੰਘੀ ਨਹੀਂ ਸੀ। ਇੱਥੇ ਚਾਰੇ ਪਾਸੇ ਜ਼ਮੀਨ ਵਾਹੀ ਹੋਈ ਸੀ। ਮੈਨੂੰ ਅਜ਼ੀਬ ਅਹਿਸਾਸ ਹੋਇਆ।

ਇਹ ਘਾਟੀ ਵਿਸ਼ਾਲ ਕੜਾਹੇ ਦੀ ਸ਼ਕਲ ਦੀ ਸੀ, ਹਲਕੀ ਜਿਹੀ ਢਲਾਣ ਹੇਠਾਂ ਨੂੰ ਚਲੀ ਗਈ ਸੀ ਅਤੇ ਹੇਠਾਂ ਤਲਛੱਟ ਵਿੱਚ ਕੁੱਝ ਵੱਡੇ-ਵੱਡੇ ਸਫ਼ੇਦ ਪੱਥਰ ਸਿੱਧੇ ਖੜੇ ਸਨ, ਲਗਦਾ ਸੀ ਜਿਵੇਂ ਕਿਸੇ ਗੁਪਤ ਮੰਤਵ ਲਈ ਉਥੇ ਰੀਂਘ ਆਏ ਹੋਣ। ਘਾਟੀ ਵਿੱਚ ਸਭ ਕੁੱਝ ਇੰਨਾ ਅਹਿੱਲ ਅਤੇ ਸ਼ਾਂਤ ਸੀ, ਇੰਨਾ ਪੱਧਰਾ ਸੀ, ਉਪਰੋਂ ਅਸਮਾਨ ਇੰਨਾ ਮਨਹੂਸ ਲਗਦਾ ਸੀ ਕਿ ਮੇਰਾ ਦਿਲ ਬੈਠ ਗਿਆ। ਪੱਥਰਾਂ ਵਿੱਚ ਕੋਈ ਜੀਵ ਹੌਲ਼ੀ ਜਿਹੀ, ਤਰਸ-ਭਰੀ ਅਵਾਜ਼ ਵਿੱਚ ਚੀਕਿਆ। ਮੈਂ ਜਲਦੀ-ਜਲਦੀ ਟਿੱਲੇ ’ਤੇ ਮੁੜਨ ਦੀ ਕੀਤੀ। ਹਾਲੇ ਤੱਕ ਮੈਂ ਘਰ ਦਾ ਰਾਹ ਲੱਭ ਲੈਣ ਦੀ ਆਸ ਨਹੀਂ ਸੀ ਛੱਡੀ, ਪਰ ਹੁਣ ਮੈਂ ਸਮਝ ਗਿਆ ਸੀ ਕਿ ਮੈਂ ਬਿਲਕੁਲ ਭਟਕ ਗਿਆ ਹਾਂ। ਚਾਰੇ ਪਾਸੇ ਸੰਘਣੇ ਹਨੇਰੇ ਵਿੱਚ ਡੁੱਬੀਆਂ ਥਾਵਾਂ ਨੂੰ ਪਹਿਚਾਣਨ ਦੀ ਕੋਈ ਕੋਸ਼ਿਸ਼ ਨਾ ਕਰਦੇ ਹੋਏ ਮੈਂ ਤਾਰਿਆਂ ਨੂੰ ਦੇਖਦਾ ਮੈਂ ਨੱਕ ਦੀ ਸੇਧ ਵਿੱਚ ਤੁਰ ਪਿਆ...ਕੋਈ ਅੱਧੇ ਘੰਟੇ ਤੱਕ ਮੈਂ ਉਵੇਂ ਹੀ ਮੁਸ਼ਕਿਲ ਨਾਲ਼ ਪੈਰ ਘੜੀਸਦਾ ਤੁਰਦਾ ਰਿਹਾ। ਲਗਦਾ ਸੀ ਕਿ ਪਹਿਲਾਂ ਕਦੇ ਵੀ ਮੈਂ ਅਜਿਹੇ ਨਿਰਜਿੰਦ ਇਲਾਕੇ ਵਿੱਚ ਨਹੀਂ ਆਇਆ; ਕਿਤੇ ਕੋਈ ਅੱਗ ਨਹੀਂ ਟਿਮਟਿਮਾ ਰਹੀ ਸੀ, ਕੋਈ ਅਵਾਜ਼ ਨਹੀਂ ਆ ਰਹੀ ਸੀ। ਇੱਕ ਦੇ ਬਾਅਦ ਇੱਕ ਹਲਕੀ ਢਲਾਣ ਵਾਲ਼ੇ ਟਿੱਲੇ ਆ ਰਹੇ ਸਨ, ਖੇਤਾਂ ਦਾ ਕੋਈ ਅੰਤ ਨਹੀਂ ਸੀ, ਝਾੜੀਆਂ ਅਚਾਨਕ ਐਨ ਨੱਕ ਸਾਹਮਣਿਓਂ ਜ਼ਮੀਨੋਂ ਨਿੱਕਲ਼ ਆਉਂਦੀਆਂ ਸਨ। ਮੈਂ ਚਲਦਾ ਜਾ ਰਿਹਾ ਸੀ ਅਤੇ ਸੋਚ ਰਿਹਾ ਸੀ ਕਿ ਬੱਸ ਹੁਣ ਕਿੱਧਰੇ ਲੇਟ ਕੇ ਰਾਤ ਕੱਟ ਲਵਾਂ, ਪਰ ਉਸੇ ਵੇਲ਼ੇ ਮੈਂ ਆਪਣੇ ਆਪ ਨੂੰ ਇੱਕ ਅਥਾਹ ਟੋਏ ਦੇ ਕਿਨਾਰੇ ਪਾਇਆ।

ਅੱਗੇ ਵਧਿਆ ਪੈਰ ਮੈਂ ਜਲਦੀ ਨਾਲ਼ ਪਿੱਛੇ ਹਟਾ ਲਿਆ। ਰਾਤ ਤੋਂ ਪਹਿਲਾਂ ਸੰਘਣੇ ਹਨੇਰੇ ਵਿੱਚ ਮੈਨੂੰ ਬਹੁਤ ਹੇਠਾਂ ਇੱਕ ਵਿਸ਼ਾਲ ਮੈਦਾਨ ਦਿਸਿਆ। ਚੌੜੀ ਨਦੀ ਨੇ ਉਸਨੂੰ ਅੱਧੀ ਚਾਪ ਵਿੱਚ ਘੇਰਿਆ ਹੋਇਆ ਸੀ, ਜੋ ਕਿ ਮੇਰੇ ਤੋਂ ਦੂਰ ਜਾ ਰਿਹਾ ਸੀ। ਕਦੇ-ਕਦੇ ਨਜ਼ਰਾਂ ਨਾਲ਼ ਟਕਰਾਉਂਦੀ ਨਦੀ ਦੀ ਅਸਪੱਸ਼ਟ ਜਿਹੀ, ਫੌਲਾਦੀ ਝਿਲਮਿਲ ਨਾਲ਼ ਉਸਦੇ ਵਹਾਅ ਦਾ ਅਹਿਸਾਸ ਹੋ ਰਿਹਾ ਸੀ। ਜਿਸ ਟਿੱਲੇ ’ਤੇ ਮੈਂ ਖੜਾ ਸੀ ਉਹ ਇਕਦਮ ਸਿੱਧੀ ਢਲਾਣ ਦੇ ਰੂਪ ਵਿੱਚ ਥੱਲੇ ਚਲਾ ਗਿਆ ਸੀ। ਸੰਘਣੀ ਨੀਲੀ ਸੁੰਨਸਾਨ ਵਿੱਚ ਟਿੱਲੇ ਦੀ ਵਿਸ਼ਾਲ ਕਾਲ਼ੀ ਅਕ੍ਰਿਤੀ ਅਲੱਗ ਹੀ ਦਿਸ ਰਹੀ ਸੀ। ਮੇਰੇ ਠੀਕ ਥੱਲੇ ਨਦੀ ਦੇ ਕੰਢੇ ਅਤੇ ਮੈਦਾਨ ਦੇ ਵਿੱਚ ਇੱਕ ਕੋਨਾ ਬਣ ਗਿਆ ਸੀ। ਇਥੇ ਨਦੀ ਸ਼ਾਂਤ ਹੀ ਸੀ, ਕਾਲ਼ੇ ਸ਼ੀਸ਼ੇ ਜਿਹੀ। ਟਿੱਲੇ ਦੀ ਖੜੀ ਢਲਾਣ ਦੀ ਓਟ ਵਿੱਚ ਨਦੀ ਦੇ ਕੋਲ਼ ਇੱਕ-ਦੂਸਰੇ ਦੇ ਨੇੜੇ ਹੀ ਦੋ ਧੂਣੀਆਂ ਦੀਆਂ ਲਾਲ ਲਪਟਾਂ ਉੱਠ ਰਹੀਆਂ

ਸਨ, ਧੂੰਆਂ ਛੱਡ ਰਹੀਆਂ ਸਨ। ਉਹਨਾਂ ਦੇ ਇਰਦ–ਗਿਰਦ ਲੋਕ ਹਿੱਲਜੁੱਲ ਕਰ ਰਹੇ ਸਨ, ਪਰਛਾਵੇਂ ਮੰਡਰਾ ਰਹੇ ਸਨ, ਕਦੇ–ਕਦੇ ਛੋਟੇ ਜਿਹੇ ਘੁੰਗਰਾਲ਼ੇ ਵਾਲ਼ਾਂ ਵਾਲ਼ੇ ਸਿਰ ਦਾ ਅਗਲਾ ਹਿੱਸਾ ਚਮਕ ਉੱਠਦਾ ਸੀ।

ਹੁਣ ਮੈਂ ਪਹਿਚਾਣ ਗਿਆ ਕਿ ਮੈਂ ਕਿੱਥੇ ਆ ਭਟਕਿਆ ਹਾਂ। ਇਹ ਚਰਾਗਾਹ ਸਾਡੇ ਇਲਾਕੇ ਵਿੱਚ 'ਬੇਜਿਨ ਚਰਾਗਾਹ' ਦੇ ਨਾਮ ਨਾਲ਼ ਜਾਣੀ ਜਾਂਦੀ ਹੈ। ਪਰ ਘਰ ਮੁੜਨ ਦੀ ਹੁਣ ਹਿੰਮਤ ਨਹੀਂ ਸੀ ਰਹੀ, ਉਹ ਵੀ ਰਾਤ ਵਿੱਚ। ਥਕਾਵਟ ਮਾਰੇ ਖੜੇ ਨਹੀਂ ਹੋਇਆ ਜਾ ਰਿਹਾ ਸੀ। ਮੈਂ ਤੈਅ ਕੀਤਾ ਕਿ ਧੂਣੀਆਂ ਦੇ ਕੋਲ਼ ਜਾਂਦਾ ਹਾਂ ਅਤੇ ਇਹਨਾਂ ਲੋਕਾਂ ਨਾਲ਼ ਬਚੀ–ਖੁਚੀ ਰਾਤ ਕੱਟ ਲੈਂਦਾ ਹਾਂ। ਮੇਰੇ ਖ਼ਿਆਲ ਸੀ ਕਿ ਇਹ ਲੋਕ ਮਵੇਸ਼ੀਆਂ ਨੂੰ ਹਾਟ (ਮੰਡੀ) ਵਿੱਚ ਲਿਜਾਣ ਵਾਲ਼ੇ ਚਰਵਾਹੇ ਹਨ। ਮੈਂ ਸਹੀ ਸਲਾਮਤ ਥੱਲੇ ਉੱਤਰ ਗਿਆ, ਪਰ ਜਿਸ ਆਖ਼ਰੀ ਟਾਹਣੀ ਨੂੰ ਮੈਂ ਫੜਿਆ ਹੋਇਆ ਸੀ, ਉਹਨੂੰ ਹੱਥ 'ਚੋਂ ਛੱਡ ਵੀ ਨਹੀਂ ਸਕਿਆ ਸਾਂ ਕਿ ਦੋ ਵੱਡੇ–ਵੱਡੇ, ਜੱਤਲ਼, ਕੁੱਤੇ ਗੁੱਸੇ ਵਿੱਚ ਭੌਂਕਦੇ ਹੋਏ ਮੇਰੇ ਵੱਲ ਝਪਟੇ। ਧੂਣੀਆਂ ਕੋਲ਼ੋ ਬੱਚਿਆਂ ਦੀਆਂ ਛਣਕਵੀਆਂ ਅਵਾਜ਼ਾਂ ਆਈਆਂ। ਦੋ–ਤਿੰਨ ਮੁੰਡੇ ਤੁਰੰਤ ਉੱਠ ਖੜੇ ਹੋਏ। ਉਹਨਾਂ ਚੀਕ ਕੇ ਪੁੱਛਿਆ, "ਕੌਣ ਹੈ ?" ਮੈਂ ਜਵਾਬ ਦਿੱਤਾ ਅਤੇ ਉਹ ਭੱਜੇ–ਭੱਜੇ ਮੇਰੇ ਵੱਲ ਆਏ, ਕੁੱਤਿਆਂ ਨੂੰ ਹਟਾ ਲਿਆ, ਜੋ ਮੇਰੇ ਤੇ ਦਿਆਂਕਾ ਨੂੰ ਆਇਆਂ ਦੇਖਕੇ ਖਾਸ ਤੌਰ 'ਤੇ ਹੈਰਾਨ ਸਨ। ਮੈਂ ਮੁੰਡਿਆਂ ਕੋਲ਼ ਚਲਾ ਗਿਆ।

ਧੂਣੀ ਦੇ ਆਲ਼ੇ–ਦੁਆਲ਼ੇ ਬੈਠੇ ਲੋਕਾਂ ਨੂੰ ਚਰਵਾਹੇ ਸਮਝਣਾ ਮੇਰੀ ਭੁੱਲ ਸੀ। ਇਹ ਤਾਂ ਗੁਆਂਢ ਪਿੰਡ ਦੇ ਮੁੰਡੇ ਸਨ ਜੋ ਘੋੜਿਆਂ ਦੀ ਰਖਵਾਲੀ ਕਰ ਰਹੇ ਸਨ। ਗਰਮੀਆਂ ਦੇ ਦਿਨੀਂ ਸਾਡੇ ਇਲਾਕੇ ਵਿੱਚ ਘੋੜਿਆਂ ਨੂੰ ਰਾਤ ਦੇ ਸਮੇਂ ਚਰਾਗਾਹ ਵਿੱਚ ਛੱਡਿਆ ਜਾਂਦਾ ਹੈ। ਦਿਨ ਵਿੱਚ ਮੱਖੀਆਂ ਅਤੇ ਮੱਖ ਤੰਗ ਕਰਦੇ ਹਨ। ਸ਼ਾਮ ਢਲ਼ਦੇ ਹੀ ਘੋੜਿਆਂ ਨੂੰ ਚਰਾਗਾਹ ਵਿੱਚ ਲਿਜਾਣਾ ਅਤੇ ਪ੍ਰਭਾਤ ਵੇਲ਼ੇ ਵਾਪਸ ਹੱਕ



ਲਿਆਉਣਾ, ਕਿਸਾਨਾਂ ਦੇ ਬੱਚਿਆਂ ਲਈ ਇਸਤੋਂ ਵਧੇਰੇ ਖੁਸ਼ੀ ਦਾ ਕੰਮ ਕੋਈ ਨਹੀਂ ਸੀ। ਨੰਗੇ ਸਿਰ, ਭੇਡ ਦੀ ਖੱਲ ਵਾਲ਼ੇ ਕੋਟ ਪਹਿਨੀਂ ਉਹ ਮਰੀਅਲ ਜਿਹੇ ਪਰ ਤੇਜ਼-ਤਰਾਰ ਘੋੜਿਆਂ 'ਤੇ ਕਾਠੀ ਪਾਉਂਦੇ ਹਨ। ਰੌਲ਼ਾ ਪਾਉਂਦੇ ਹੋਏ, ਹੂ - ਹਾ ਕਰਦੇ ਹੋਏ, ਲੱਤਾਂ ਬਾਹਾਂ ਹਿਲਾਉਂਦੇ, ਉੱਚੀ-ਉੱਚੀ ਉੱਛਲਦੇ ਉਹ ਘੋੜਿਆਂ ਨੂੰ ਭਜਾ ਲੈ ਜਾਂਦੇ ਹਨ; ਹੱਸਦੇ-ਖੇਡਦੇ ਜਾਂਦੇ ਹਨ। ਸੜਕ 'ਤੇ ਉਹ ਆਪਣੇ ਪਿੱਛੇ ਧੂੜ ਦੇ ਪੀਲ਼ੇ ਬੱਦਲ਼ ਛੱਡਦੇ ਜਾਂਦੇ ਹਨ; ਅੱਗੇ-ਅੱਗੇ ਆਪਣੀ ਪੂੰਛ ਹਵਾ ਵਿੱਚ ਚੁੱਕੀ ਲਗ਼ਾਤਾਰ ਚਾਲ ਬਦਲਦਾ ਕੋਈ ਜੱਤਲ਼ ਸੁਰੰਗ ਘੋੜਾ ਦੌੜਦਾ ਜਾਂਦਾ, ਜਿਸਦੀ ਧੌਣ ਦੇ ਵਾਲ਼ਾਂ ਵਿੱਚ ਭੱਖੜਾ ਉਲਝਿਆ ਹੁੰਦਾ।

ਮੈਂ ਮੁੰਡਿਆਂ ਨੂੰ ਦੱਸਿਆ ਕਿ ਮੈਂ ਭਟਕ ਗਿਆ ਹਾਂ ਅਤੇ ਉਹਨਾਂ ਕੋਲ਼ ਬੈਠ ਗਿਆ। ਉਹਨਾਂ ਮੈਨੂੰ ਪੁੱਛਿਆ ਕਿ ਮੈਂ ਕਿੱਥੋਂ ਆਇਆ ਹਾਂ, ਫਿਰ ਉਹ ਚੁੱਪ ਹੋ ਗਏ, ਇੱਕ ਪਾਸੇ ਹਟ ਗਏ। ਅਸੀਂ ਕੁੱਝ ਦੇਰ ਗੱਲਾਂ ਕੀਤੀਆਂ। ਮੈਂ ਇੱਕ ਛਾਂਗੀ ਝਾੜੀ ਹੇਠ ਲੇਟ ਗਿਆ ਅਤੇ ਇੱਧਰ-ਉੱਧਰ ਦੇਖਣ ਲੱਗਾ। ਬੜਾ ਹੀ ਮਨਮੋਹਣਾ ਦ੍ਰਿਸ਼ ਸੀ : ਧੂਣੀਆਂ ਦੁਆਲ਼ੇ ਲਾਲ ਚਾਨਣ ਦਾ ਘੇਰਾ ਝੂਲ ਰਿਹਾ ਸੀ ਅਤੇ ਹਨੇਰੇ ਨਾਲ਼ ਟਕਰਾਕੇ ਜਿਵੇਂ ਠਹਿਰ ਜਾਂਦਾ ਸੀ; ਕਦੇ-ਕਦਾਈਂ ਕੋਈ ਲਪਟ ਤੇਜ਼ ਹੋ ਉੱਠਦੀ ਅਤੇ ਇਸ ਘੇਰੇ ਦੀ ਸੀਮਾ ਤੋਂ ਬਾਹਰ ਚਾਨਣ ਦੀ ਤੇਜ਼ ਲਿਸ਼ਕ ਫੈਲ ਜਾਂਦੀ; ਕੋਈ ਅੱਗ ਦੀ ਜੀਭ ਪਤਲੀਆਂ-ਪਤਲੀਆਂ ਸੁੱਕੀਆਂ ਟਾਹਣੀਆਂ ਨੂੰ ਚੱਟਦੀ ਅਤੇ ਤੁਰੰਤ ਲੁਪਤ ਹੋ ਜਾਂਦੀ; ਅਤੇ ਕਦੇ ਟੇਢੇ-ਮੇਢੇ ਲੰਮੇਂ-ਲੰਮੇਂ ਪ੍ਰਛਾਂਵੇਂ ਧੂਣੀਆਂ ਤੱਕ ਵਧ ਆਉਂਦੇ; ਚਾਨਣ ਹਨੇਰੇ ਨਾਲ਼ ਜੂਝ ਰਿਹਾ ਸੀ। ਕਦੇ-ਕਦਾਈਂ ਲੋਅ ਮੱਠੀ ਪੈ ਜਾਂਦੀ ਅਤੇ ਚਾਨਣ ਦਾ ਘੇਰਾ ਬਿਲਕੁਲ ਸੁੰਗੜ ਜਾਂਦਾ; ਅੱਗੇ ਵਧ ਆਏ ਹਨੇਰੇ ਵਿੱਚੋਂ ਅਚਾਨਕ ਕਿਸੇ ਘੋੜੇ ਦਾ ਸਿਰ — ਧਾਰੀਦਾਰ ਕੁਮੈਤ ਜਾਂ ਨੁਕਰਾ — ਬੇਜਾਨ ਅੱਖਾਂ ਨਾਲ਼ ਟਿਕਟਿਕੀ ਲਗਾਈ ਸਾਡੇ ਵੱਲ ਵੇਖਦਾ; ਲੰਬੇ ਘਾਹ ਨੂੰ ਤੇਜ਼ੀ ਨਾਲ਼ ਚਰਦਾ ਅਤੇ ਫਿਰ ਤੋਂ ਝੁਕਕੇ ਤੁਰੰਤ ਹੀ ਉਹਲੇ ਹੋ ਜਾਂਦਾ। ਬੱਸ ਘੋੜੇ ਦੇ ਘਾਹ ਚਰਨ ਅਤੇ ਫੁੰਕਾਰੇ ਮਾਰਨ ਦੀ ਹੀ ਅਵਾਜ਼ ਸੁਣਾਈ ਦਿੰਦੀ ਰਹਿੰਦੀ। ਰੌਸ਼ਨ ਜਗ੍ਹਾ ਵਿੱਚੋਂ ਇਹ ਦੇਖਣਾ ਮੁਸ਼ਕਿਲ ਹੁੰਦਾ ਹੈ ਕਿ ਹਨੇਰੇ ਵਿੱਚ ਕੀ ਹੋ ਰਿਹਾ ਹੈ, ਇੰਝ ਲਗਦਾ ਸੀ ਜਿਵੇਂ ਆਸ-ਪਾਸ ਸਭ ਕੁੱਝ ਕਾਲ਼ੇ ਪਰਦੇ ਵਿੱਚ ਲੁਕਿਆ ਹੋਵੇ। ਹਾਂ, ਦੂਰ ਦੁਮੇਲ਼ ਕੋਲ਼ ਜੰਗਲ਼ ਅਤੇ ਟਿੱਲੇ ਧੁੰਦਲ਼ੇ-ਧੁੰਦਲ਼ੇ ਧੱਬਿਆਂ ਦੇ ਰੂਪ ਵਿੱਚ ਦਿਸਦੇ। ਕਾਲ਼ਾ, ਤਾਰਿਆਂ ਭਰਿਆ, ਅੰਤ-ਨੁੱਕਰ ਵਿਹੂਣਾ ਅਕਾਸ਼ ਆਪਣੇ ਰਹੱਸਮਈ ਹੰਕਾਰ ਵਿੱਚ ਸਾਡੇ ਸਿਰਾਂ ਉੱਪਰ ਛਾਇਆ ਹੋਇਆ ਸੀ। ਰੂਸ ਦੀਆਂ ਗਰਮੀਆਂ ਦੀਆਂ ਰਾਤਾਂ ਦੀ ਖਾਸ, ਘਬਰਾ ਦੇਣ ਵਾਲ਼ੀ, ਅਤੇ ਤਾਜ਼ਗੀ ਭਰੀ ਸੁਗੰਧ ਫੇਫੜਿਆਂ ਵਿੱਚ ਭਰ ਰਹੀ ਸੀ ਅਤੇ ਉਸਦੇ ਨਾਲ਼ ਦਿਲ ਵਿੱਚ ਮਿੱਠੀ ਜਿਹੀ ਚੀਸ ਉੱਠ ਰਹੀ ਸੀ। ਚਾਰੇ ਪਾਸੇ ਕਿਧਰੇ ਕੋਈ ਅਵਾਜ਼, ਕੋਈ ਸ਼ੋਰ ਨਹੀਂ ਸੀ। ਬਸ ਕਦੇ-ਕਦੇ ਹੀ ਨਾਲ਼ ਦੀ ਨਦੀ ਵਿੱਚ ਕਿਸੇ ਵੱਡੀ ਮੱਛੀ ਦੇ ਉੱਛਲਣ 'ਤੇ ਜ਼ੋਰ ਨਾਲ਼ ਛਟਪਟਾਹਟ ਹੁੰਦੀ ਅਤੇ ਦੌੜ ਆਈ ਲਹਿਰ ਨਾਲ਼ ਤਟ ਦੇ ਸਰਕੜਿਆਂ ਵਿੱਚ ਹੋਈ ਹਲਕੀ ਜਿਹੀ ਆਹਟ ਸੁਣਾਈ ਦਿੰਦੀ। ਸਿਰਫ਼ ਧੂਣੀਆਂ ਹੀ ਹੌਲ਼ੀ-ਹੌਲ਼ੀ

ਤਿੜਤਿੜ ਕਰਕੇ ਜਲ਼ ਰਹੀਆਂ ਸਨ।

ਮੁੰਡੇ ਇਹਨਾਂ ਧੂਣੀਆਂ ਦੁਆਲ਼ੇ ਹੀ ਬੈਠੇ ਸਨ ਅਤੇ ਉਹ ਕੁੱਤੇ ਵੀ, ਜੋ ਮੈਨੂੰ ਵੱਢ ਖਾਣ ਲਈ ਉਤਾਵਲ਼ੇ ਹੋ ਗਏ ਸਨ। ਕਾਫ਼ੀ ਦੇਰ ਉਹ ਮੇਰੀ ਹਾਜ਼ਰੀ ਨੂੰ ਸ਼ਾਂਤੀ ਨਾਲ਼ ਸਵੀਕਾਰ ਨਹੀਂ ਸਕੇ ਅਤੇ ਧੂਣੀਆਂ ਵੱਲ ਵੇਖਦੇ ਹੋਏ ਘੁਰਕਣ ਲੱਗੇ, ਜਿਵੇਂ ਇਸ ਗੱਲ 'ਤੇ ਦੁੱਖ ਪ੍ਰਗਟਾ ਰਹੇ ਹੋਣ ਕਿ ਉਹ ਆਪਣੀ ਇੱਛਾ ਪੂਰੀ ਨਹੀਂ ਕਰ ਸਕਦੇ ਸਨ।

ਉਥੇ ਕੁੱਲ ਪੰਜ ਮੁੰਡੇ ਸਨ : ਫੇਦਿਆ, ਪਾਵਲੂਸ਼ਾ, ਇਲਿਊਸ਼ਾ, ਕੋਸਤਿਆ ਅਤੇ ਵਾਨੀਆ। (ਉਹਨਾਂ ਦੀ ਗੱਲਬਾਤ ਤੋਂ ਮੈਨੂੰ ਉਹਨਾਂ ਦੇ ਨਾਮ ਪਤਾ ਲੱਗੇ ਅਤੇ ਹੁਣ ਮੈਂ ਤੁਰੰਤ ਪਾਠਕਾਂ ਨੂੰ ਉਹਨਾਂ ਦੀ ਜਾਣ-ਪਹਿਚਾਣ ਕਰਵਾਉਂਦਾ ਹਾਂ।)

ਮੁੰਡਿਆਂ ਵਿੱਚੋਂ ਸਭ ਤੋਂ ਵੱਡਾ ਸੀ ਫੇਦਿਆ। ਉਹ ਲਗਭਗ 14 ਸਾਲਾਂ ਦਾ ਲਗਦਾ ਸੀ। ਗਠਿਆ ਸਰੀਰ, ਸੋਹਣਾ, ਪਰ ਨਿੱਕੇ-ਨਿੱਕੇ ਨੈਣ-ਨਕਸ਼, ਸੁਨਹਿਰੇ ਘੁੰਗਰਾਲ਼ੇ ਵਾਲ਼ ਅਤੇ ਬੁੱਲਾਂ 'ਤੇ ਸਦਾ ਛਾਈ ਰਹਿਣ ਵਾਲ਼ੀ ਮੁਸਕਾਨ, ਜਿਸ ਵਿੱਚ ਖੁਸ਼ੀ ਵੀ ਸੀ ਤੇ ਉਦਾਸੀ ਵੀ। ਉਸਦੇ ਹਾਵ-ਭਾਵ ਤੋਂ ਸਾਫ਼ ਲਗਦਾ ਸੀ ਕਿ ਉਹ ਕਿਸੇ ਖਾਂਦੇ-ਪੀਂਦੇ ਘਰ ਦਾ ਮੁੰਡਾ ਹੈ ਅਤੇ ਲੋੜੋਂ ਮਜ਼ਬੂਰ ਹੋ ਕੇ ਨਹੀਂ, ਸਗੋਂ ਮੌਜ ਕਰਨ ਲਈ ਚਰਾਗਾਹ ਵਿੱਚ ਆਇਆ ਹੈ। ਉਸਨੇ ਚਮਕੀਲੀ ਵੇਲ਼-ਬੂਟਿਆਂ ਵਾਲ਼ੀ, ਪੀਲ਼ੇ ਗੋਟੇ ਵਾਲ਼ੀ ਕਮੀਜ਼ ਪਹਿਨੀ ਹੋਈ ਸੀ। ਨਵਾਂ ਛੋਟਾ ਕੋਟ ਉਸਨੇ ਉੱਤੇ ਲਿਆ ਹੋਇਆ ਸੀ, ਜੋ ਉਸਦੇ ਨਿੱਕੇ ਮੋਢਿਆਂ ਤੋਂ ਤਿਲਕ ਜਾਂਦਾ। ਨੀਲ਼ੀ ਜਿਹੀ ਪੇਟੀ ਵਿੱਚ ਕੰਘਾ ਲਟਕ ਰਿਹਾ ਸੀ। ਪਿੰਜਣੀਆਂ ਤੱਕ ਉੱਚੇ ਬੂਟ ਜੋ ਉਸਨੇ ਪਹਿਨੇ ਹੋਏ ਸਨ, ਉਸਦੇ ਹੀ ਸਨ, ਉਸਦੇ ਪਿਤਾ ਦੇ ਨਹੀਂ। ਦੂਜੇ ਮੁੰਡੇ ਦੇ ਕਾਲ਼ੇ ਵਾਲ਼ ਉਲ਼ਝੇ-ਪੁਲ਼ਝੇ ਸਨ, ਅੱਖਾਂ ਸੁਰਮਈ, ਮੋਢੇ ਚੌੜੇ, ਚਿਹਰਾ ਪੀਲ਼ਾ ਜਿਹਾ, ਚੇਚਕ ਦੇ ਦਾਗਾਂ ਨਾਲ਼ ਭਰਿਆ, ਵੱਡਾ ਪਰ ਤਰਾਸ਼ਿਆ ਮੂੰਹ। ਕੁੱਲ ਮਿਲਾ ਕੇ ਉਸਦਾ ਸਿਰ ਕਾਫ਼ੀ ਵੱਡਾ ਸੀ, ਜਿਵੇਂ ਕਿ ਸਾਡੇ ਇੱਥੇ ਕਿਹਾ ਜਾਂਦਾ ਹੈ — ਤੌੜੀ ਜਿਹਾ, ਸਰੀਰ ਮਧਰਾ ਅਤੇ ਬੇਢੰਗਾ ਜਿਹਾ ਸੀ। ਇਹ ਤਾਂ ਮੰਨਣਾ ਪਵੇਗਾ ਕਿ ਮੁੰਡਾ ਦੇਖਣ ਨੂੰ ਸੋਹਣਾ ਨਹੀਂ ਸੀ, ਪਰ ਫਿਰ ਵੀ ਉਹ ਮੈਨੂੰ ਚੰਗਾ ਲੱਗਿਆ : ਉਹ ਠੀਕ ਸਾਹਮਣੇ ਦੇਖਦਾ ਸੀ ਅਤੇ ਉਸਦੀਆਂ ਅੱਖਾਂ ਵਿੱਚ ਬੁੱਧੀਮਾਨਤਾ ਦੀ ਝਲਕ ਸੀ। ਉਸਦੀ ਅਵਾਜ਼ ਵਿੱਚ ਵੀ ਤਾਕਤ ਮਹਿਸੂਸ ਹੁੰਦੀ ਸੀ। ਆਪਣੇ ਪਹਿਰਾਵੇ 'ਤੇ ਉਹ ਮਾਣ ਨਹੀਂ ਕਰ ਸਕਦਾ ਸੀ : ਘਰ ਦੀ ਕੱਤੀ-ਬੁਣੀ ਕਮੀਜ਼ ਅਤੇ ਟਾਕੀ ਲੱਗਿਆ ਪਜਾਮਾ — ਇਹੀ ਸੀ ਉਸਦਾ ਪਹਿਰਾਵਾ। ਤੀਜੇ ਮੁੰਡੇ ਇਲਿਊਸ਼ਾ ਦਾ ਚਿਹਰਾ ਬਹੁਤਾ ਸਧਾਰਨ ਜਿਹਾ ਸੀ — ਲੰਬੂਤਰਾ, ਚੁੰਨੀਆਂ ਅੱਖਾਂ, ਅਤੇ ਤੋਤੇ ਜਿਹਾ ਨੱਕ। ਉਸਦੇ ਚਿਹਰੇ 'ਤੇ ਕਿਸੇ ਫੋਕੀ, ਚਿੜਚਿੜੀ ਬੈਚੇਨੀ ਦੀ ਛਾਪ ਸੀ। ਬੁੱਲ ਮਿਚੇ ਹੋਏ ਸੀ ਅਤੇ ਉਹਨਾਂ ਵਿੱਚ ਜਰਾ ਵੀ ਹਰਕਤ ਨਹੀਂ ਸੀ, ਭਰਵੱਟੇ ਵੀ ਸੁੰਗੜੇ ਹੀ ਰਹਿੰਦੇ ਸਨ — ਜਿਵੇਂ ਧੂਣੀ ਦੀ ਲਾਟ ਨਾਲ਼ ਵਾਰ-ਵਾਰ ਚੁੰਧਿਆ ਰਹੇ ਹੋਣ। ਉਹਦੇ ਹਲਕੇ ਪਰਾਲ਼ੀ ਰੰਗੇ,

ਲਗਭਗ ਚਿੱਟੇ ਵਾਲ਼ਾਂ ਦੀਆਂ ਲਟਾਂ ਚਿਪਕੀ ਹੋਈ ਫ਼ੈਲਟ ਵਾਲ਼ੀ ਟੋਪੀ ਹੇਠੋਂ ਥਾਂ-ਥਾਂ ਤੋਂ ਨਿੱਕਲੀਆਂ ਹੋਈਆਂ ਸਨ। ਉਹ ਵਾਰ-ਵਾਰ ਦੋਵਾਂ ਹੱਥਾਂ ਨੂੰ ਨਾਲ਼ ਆਪਣੀ ਟੋਪੀ ਨੂੰ ਕੰਨਾਂ ਤੱਕ ਖਿੱਚਦਾ। ਉਸਦੀਆਂ ਲੱਤਾਂ ਅਤੇ ਪੈਰਾਂ ’ਤੇ ਬੂਟ ਦੀ ਥਾਂ ਕੱਪੜੇ ਦੀਆਂ ਚੌੜੀਆਂ ਪੱਟੀਆਂ ਲਪੇਟੀਆਂ ਹੋਈਆਂ ਸਨ ਅਤੇ ਉਹਨਾਂ ਉੱਪਰ ਸੱਕ ਦੀਆਂ ਜੁੱਤੀਆਂ ਪਹਿਨੀਆਂ ਹੋਈਆ ਸਨ। ਮੋਟੀ ਡੋਰੀ ਤਿੰਨ ਵਾਰ ਉਸਦੇ ਲੱਕ ਦੁਆਲ਼ੇ ਲਪੇਟੀ ਹੋਈ ਸੀ ਅਤੇ ਉਸਦੇ ਕਾਲ਼ੇ ਰੰਗ ਦੇ ਕੁੜਤੇ ਨੂੰ ਚੰਗੀ ਤਰ੍ਹਾਂ ਸੰਭਾਲ਼ੀ ਫਿਰਦੀ ਸੀ। ਪਾਵਲੂਸ਼ਾ ਤੇ ਉਹ ਦੇਖਣ ਵਿੱਚ 12 ਸਾਲ ਤੋਂ ਵੱਧ ਨਹੀਂ ਲਗਦੇ ਸਨ। ਚੌਥਾ, ਕੋਸਤਿਆ ਕੋਈ ਦਸ ਸਾਲ ਦਾ ਸੀ। ਉਸਦੇ ਵਿਚਾਰਵਾਨ ਅਤੇ ਉਦਾਸ ਚਿਹਰੇ ਨੂੰ ਦੇਖ ਕੇ ਮੈਨੂੰ ਬੈਚੇਨੀ ਹੋ ਰਹੀ ਸੀ। ਉਸਦਾ ਸਾਰਾ ਚਿਹਰਾ ਛੋਟਾ ਜਿਹਾ, ਕਮਜ਼ੋਰ, ਥੱਲੇ ਨੂੰ ਨੁਕੀਲਾ — ਕਾਟੋ ਵਾਂਗ, ਬੁੱਲ ਮੁਸ਼ਕਿਲ ਨਾਲ਼ ਨਜ਼ਰ ਆਉਂਦੇ; ਪਰ ਉਸਦੀਆਂ ਵੱਡੀਆਂ-ਵੱਡੀਆਂ ਕਾਲ਼ੀਆਂ ਅੱਖਾਂ ਅਤੇ ਉਹਨਾਂ ਦੀ ਤਰਲ ਚਮਕ ਇੱਕ ਅਦਭੁੱਤ ਪ੍ਰਭਾਵ ਪਾਉਂਦੀਆਂ ਸਨ। ਉਹ ਜਿਵੇਂ ਕੋਈ ਅਜਿਹੀ ਗੱਲ ਕਹਿਣਾ ਚਾਹੁੰਦੀਆਂ ਹੋਣ, ਜਿਸਨੂੰ ਜੁਬਾਨ, ਘੱਟੋ-ਘੱਟ ਉਸਦੀ ਜੁਬਾਨ, ਸ਼ਬਦਾਂ ਵਿੱਚ ਬਿਆਨ ਕਰਨੋਂ ਅਸਮਰੱਥ ਸੀ। ਉਹ ਛੋਟੇ ਕੱਦ ਅਤੇ ਕਮਜ਼ੋਰ ਸਰੀਰ ਦਾ ਸੀ। ਕੱਪੜੇ ਵੀ ਉਸਨੇ ਸਧਾਰਨ ਪਹਿਨੇ ਹੋਏ ਸਨ। ਆਖ਼ਰੀ ਮੁੰਡੇ ਵਾਨੀਆ ’ਤੇ ਤਾਂ ਪਹਿਲਾਂ ਮੇਰੀ ਨਜ਼ਰ ਹੀ ਨਹੀਂ ਗਈ: ਉਹ ਇੱਕ ਚੌੜੀ ਜਿਹੀ ਚਟਾਈ ਹੇਠ ਅਰਾਮ ਨਾਲ਼ ਜ਼ਮੀਨ ’ਤੇ ਪਿਆ ਸੀ, ਕਦੇ-ਕਦਾਈਂ ਹੀ ਉਹ ਆਪਣਾ ਘੁੰਗਰਾਲ਼ੇ ਵਾਲ਼ਾਂ ਵਾਲ਼ਾ ਸਿਰ ਚਟਾਈ ਤੋਂ ਬਾਹਰ ਕੱਢਦਾ ਸੀ। ਇਸ ਮੁੰਡੇ ਦੀ ਉਮਰ ਸੱਤ ਸਾਲ ਤੋਂ ਵੱਧ ਨਹੀਂ ਸੀ।

ਮੈਂ ਇੱਕ ਪਾਸੇ ਝਾੜੀ ਹੇਠ ਲੇਟਿਆ ਚੁੱਪ-ਚਾਪ ਮੁੰਡਿਆਂ ਨੂੰ ਦੇਖ ਰਿਹਾ ਸੀ। ਇੱਕ ਧੂਣੀ ’ਤੇ ਛੋਟਾ ਜਿਹਾ ਪਤੀਲਾ ਲਟਕ ਰਿਹਾ ਸੀ, ਉਸ ਵਿੱਚ ਆਲੂ ਉੱਬਲ ਰਹੇ ਸਨ। ਪਾਵਲੂਸ਼ਾ ਉਹਨਾਂ ’ਤੇ ਨਜ਼ਰ ਰੱਖ ਰਿਹਾ ਸੀ। ਗੋਡਿਆਂ ਪਰਨੇ ਹੋਕੇ ਉਹ ਉੱਬਲਦੇ ਪਾਣੀ ਵਿੱਚ ਕੜਛੀ ਪਾ ਕੇ ਦੇਖ ਰਿਹਾ ਸੀ। ਫੇਦਿਆ ਕੂਹਣੀ ਟੇਕੀ ਲੇਟਿਆ ਹੋਇਆ ਸੀ, ਉਸਦੇ ਕੋਟ ਦੀ ਝੋਲ਼ੀ ਫੈਲੀ ਹੋਈ ਸੀ। ਇਲਿਊਸ਼ਾ ਕੋਸਤਿਆ ਕੋਲ਼ ਬੈਠਾ ਸੀ ਅਤੇ ਪਹਿਲਾਂ ਦੀ ਤਰ੍ਹਾਂ ਹੀ ਉਸਦੇ ਭਰਵੱਟੇ ਸੁੰਗੜੇ ਸਨ। ਕੋਸਤਿਆ ਨੇ ਸਿਰ ਇੱਕ ਪਾਸੇ ਝੁਕਾਕੇ ਕਿੱਧਰੇ ਦੂਰ ਨਜ਼ਰਾਂ ਗੱਡੀਆਂ ਹੋਈਆਂ ਸਨ। ਵਾਨੀਆ ਆਪਣੀ ਚਟਾਈ ਉੱਪਰ ਬਿਨਾਂ ਹਿੱਲ-ਜੁੱਲ ਦੇ ਲੇਟਿਆ ਹੋਇਆ ਸੀ। ਮੈਂ ਸੌਣ ਦਾ ਬਹਾਨਾ ਕੀਤਾ। ਹੌਲ਼ੀ-ਹੌਲ਼ੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਪਹਿਲਾਂ ਉਹਨਾਂ ਕੁੱਝ ਇਧਰ-ਉੱਧਰ ਦੀਆਂ ਗੱਲਾਂ ਕੀਤੀਆਂ ਕੱਲ ਦੇ ਕੰਮ ਦੀਆਂ, ਘੋੜਿਆਂ ਦੀਆਂ, ਅਤੇ ਫਿਰ ਅਚਾਨਕ ਫੇਦਿਆ ਨੇ, ਜਿਵੇਂ ਵਿੱਚੋਂ ਛੁੱਟੀ ਗੱਲਬਾਤ ਦਾ ਸਿਲਸਿਲਾ ਫਿਰ ਤੋਂ ਸ਼ੁਰੂ ਕਰਦੇ ਹੋਏ ਇਲਿਊਸ਼ਾ ਨੂੰ ਕਿਹਾ:



"ਅੱਛਾ ਤਾਂ ਤੂੰ ਭੂਤ ਨੂੰ ਦੇਖਿਆ ਸੀ ?"

"ਨਹੀਂ, ਦੇਖਿਆ ਤਾਂ ਨਹੀਂ, ਉਹ ਦਿਖਾਈ ਦਿੰਦਾ ਵੀ ਨਹੀਂ।," ਇਲਿਊਸ਼ਾ ਨੇ ਪਾਟੀ ਹੋਈ ਮਰੀਅਲ ਜਿਹੀ ਅਵਾਜ਼ ਵਿੱਚ ਜਵਾਬ ਦਿੱਤਾ। ਉਹਦਾ ਬੋਲ ਚਿਹਰੇ ਦੇ ਹਾਵ-ਭਾਵ ਨਾਲ਼ ਬਿਲਕੁਲ ਮੇਲ਼ ਖਾਂਦਾ ਸੀ, "ਹਾਂ! ਉਸਦੀ ਅਵਾਜ਼ ਸੁਣੀ ਸੀ... ਉਹ ਵੀ ਮੈਂ ਇਕੱਲੇ ਨੇ ਨਹੀਂ।"

"ਕਿੱਥੇ ਡੇਰਾ ਲਾਇਆ ਹੈ ਉਹਨੇ ?" ਪਾਵਲੂਸ਼ਾ ਨੇ ਪੁੱਛਿਆ।

"ਪੁਰਾਣੀ ਮਿਲ ਵਿੱਚ।"

"ਉਏ! ਤਾਂ ਕੀ ਤੂੰ ਮਿਲ ਵਿੱਚ ਜਾਨਾਂ ਹੈਂ ?"

"ਹੋਰ ਨਹੀਂ ਤਾਂ ਕੀ! ਮੇਰਾ ਭਰਾ ਅਬਦੂਸ਼ਕਾ ਅਤੇ ਮੈਂ ਕਾਗਜ਼ ਨਰਮ ਬਣਾਉਂਦੇ ਹਾਂ।"

"ਵਾਹ ਬਈ। ਕੰਮੀ ਬਣ ਗਿਆ ਫਿਰ ਤਾਂ।"

"ਅੱਛਾ ਤਾਂ ਤੂੰ ਅਵਾਜ਼ ਕਿਵੇਂ ਸੁਣੀ ਸੀ ?" ਫੇਦਿਆ ਨੇ ਪੁੱਛਿਆ।

"ਹੁਣੇ ਦੱਸਦਾਂ, ਹੋਇਆ ਇਹ ਕਿ ਅਬਦੂਸ਼ਕਾ ਤੇ ਮੈਂ ਅਤੇ ਉਹ ਫਿਓਦਰ ਮਿਖੇਯੇਵਸਕੀ, ਅਤੇ ਇਵਾਸ਼ਕਾ ਕਸੋਏ, ਨਾਲ਼ ਉਹ ਲਾਲ ਟਿੱਲੇ ਵਾਲ਼ਾ ਇਵਾਸ਼ਕਾ ਸੁਖ਼ਾਰੂਕੋਵ ਅਤੇ ਦੂਜੇ ਮੁੰਡੇ ਵੀ, ਬੱਸ ਪੂਰੀ ਟੋਲੀ ਦੇ ਮੁੰਡੇ ਹੀ ਸੀ ਅਸੀਂ। ਤਾਂ ਸਾਨੂੰ ਮਿਲ ਵਿੱਚ ਰਾਤ ਕੱਟਣੀ ਪਈ, ਕੱਟਣੀ ਤਾਂ ਕੀ ਪਈ, ਉਹ ਸਾਡਾ ਮੁਖੀ ਨਜ਼ਾਰਵ ਬੋਲਿਆ ਕਿ ਭਾਈ ਮੁੰਡਿਓ ਕੱਲ ਨੂੰ ਕੰਮ ਬਹੁਤ ਹੈ, ਤਾਂ ਤੁਸੀਂ ਕੀ ਹੁਣ ਐਵੇਂ ਬਿਨਾਂ ਮਤਲਬ ਤੋਂ ਘਰ ਜਾਓਗੇ, ਰਹਿਣ ਦਿਓ। ਤਾਂ ਅਸੀਂ ਉਥੇ ਹੀ ਰੁਕ ਗਏ। ਸਾਰੇ ਨੇੜੇ-ਨੇੜੇ ਹੀ ਲੇਟ ਗਏ ਅਤੇ ਉਦੋਂ ਹੀ ਅਬਦੂਸ਼ਕਾ ਕਹਿਣ ਲੱਗਾ ਕਿ ਭਰਾਵੋ ਜੇ ਕਿਤੇ ਇੱਥੇ ਭੂਤ ਆ ਗਿਆ ਤਾਂ ? ... ਅਤੇ ਬੱਸ ਇੰਨਾ ਕਹਿਣ ਦੀ ਹੀ ਦੇਰ ਸੀ ਕਿ ਸਾਡੇ ਉੱਪਰ ਕੋਈ ਤੁਰਨ ਲੱਗਾ, ਅਸੀਂ ਤਾਂ ਹੇਠਾਂ ਵਾਲ਼ੀ ਮੰਜ਼ਿਲ ਵਿੱਚ ਲੇਟੇ

ਹੋਏ ਸੀ, ਅਤੇ ਉਹ ਉੱਪਰ ਕਦਮ ਪੁੱਟ ਰਿਹਾ ਸੀ, ਜਿੱਥੇ ਚੱਕੇ ਹਨ। ਉਹ ਇੰਝ ਟਹਿਲ ਰਿਹਾ ਸੀ ਅਤੇ ਤਖ਼ਤੇ ਤਾਂ ਬਸ ਉਸਦੇ ਬੋਝ ਨਾਲ਼ ਝੁਕੀ ਜਾ ਰਹੇ ਸਨ, ਕੜਕੜ ਰਹੇ ਸਨ; ਸਾਡੇ ਸਿਰਾਂ ਉੱਪਰੋਂ ਹੁੰਦਾ ਹੋਇਆ ਉਹ ਲੰਘ ਗਿਆ ਅਤੇ ਅਚਾਨਕ ਚੱਕੇ 'ਤੇ ਜ਼ੋਰ ਨਾਲ਼ ਪਾਣੀ ਡਿੱਗਣ ਲੱਗਾ; ਚੱਕਾ ਖੜਕਿਆ, ਖੜਕਿਆ ਅਤੇ ਫਿਰ ਚੱਲ ਪਿਆ; ਅਤੇ ਫਿਰ ਪਾਣੀ ਦੇ ਢੱਕਣ ਤਾਂ ਬੰਦ ਸਨ। ਅਸੀਂ ਹੈਰਾਨ ਸੀ ਕਿ ਇਹ ਢੱਕਣ ਕਿਸਨੇ ਚੁੱਕ ਦਿੱਤੇ ਤੇ ਪਾਣੀ ਬਹਿਣ ਲੱਗਾ; ਚੱਕਾ ਥੋੜੀ ਦੇਰ ਘੁੰਮਿਆ ਅਤੇ ਫਿਰ ਰੁਕ ਗਿਆ। ਹੁਣ ਉਹ ਉੱਪਰਲੇ ਦਰਵਾਜ਼ੇ ਵੱਲ ਚੱਲ ਪਿਆ ਅਤੇ ਪੌੜੀਆਂ ਤੋਂ ਉੱਤਰਨ ਲੱਗਾ। ਪੌੜੀਆਂ ਤਾਂ ਜਿਵੇਂ ਉਸਦੇ ਭਾਰ ਨਾਲ਼ ਚੀਕ ਉੱਠੀਆਂ... ਆਖ਼ਿਰ ਉਹ ਸਾਡੇ ਦਰਵਾਜ਼ੇ ਤੱਕ ਆ ਗਿਆ, ਥੋੜੀ ਦੇਰ ਖੜਾ ਰਿਹਾ, ਖੜਾ ਰਿਹਾ ਅਤੇ ਫਿਰ ਦਰਵਾਜ਼ਾ ਅਚਾਨਕ ਸਾਰੇ ਦਾ ਸਾਰਾ ਖੁੱਲ ਗਿਆ। ਸਾਡਾ ਤਾਂ ਹੋਸ਼ ਠਿਕਾਣੇ ਨਾ ਰਿਹਾ! ਪਰ ਦੇਖਿਆ ਤਾਂ ਕੁੱਝ ਹੈ ਹੀ ਨਹੀਂ... ਅਤੇ ਅਚਾਨਕ ਕੀ ਦੇਖਦੇ ਹਾਂ ਕਿ ਇੱਕ ਟੈਂਕੀ ਦਾ ਜਾਲ਼ ਹਿਲਣ ਲੱਗ ਪਿਆ, ਫਿਰ ਉਹ ਉੱਠਿਆ, ਉੱਠਦਾ ਗਿਆ, ਫਿਰ ਥੱਲੇ ਹੋ ਗਿਆ, ਹਵਾ ਵਿੱਚ ਇਉਂ ਘੁੰਮਿਆ ਜਿਵੇਂ ਕੋਈ ਉਸਨੂੰ ਪਟਕਾ ਰਿਹਾ ਹੋਵੇ ਅਤੇ ਫਿਰ ਆਪਣੀ ਜਗ੍ਹਾ 'ਤੇ ਆ ਟਿਕ ਗਿਆ। ਹੁਣ ਇੱਕ ਦੂਸਰੀ ਟੈਂਕੀ ਦੇ ਕੋਲ਼ ਇੱਕ ਕਾਂਟਾ ਆਪਣੀ ਕਿੱਲੀ ਤੋਂ ਲਹਿ ਗਿਆ ਅਤੇ ਫਿਰ ਕਿੱਲੀ 'ਤੇ ਲਟਕ ਗਿਆ; ਫਿਰ ਜਿਵੇਂ ਕੋਈ ਦਰਵਾਜ਼ੇ ਵੱਲ ਚੱਲ ਪਿਆ ਹੋਵੇ ਅਤੇ ਅਚਾਨਕ ਕੋਈ ਜ਼ੋਰ ਨਾਲ਼ ਖੰਘਿਆ, ਬੜੀ ਭਾਰੀ ਅਵਾਜ਼ ਵਿੱਚ। ਅਸੀਂ ਸਾਰੇ ਤਾਂ ਬੱਸ ਇੱਕ-ਦੂਜੇ ਨਾਲ਼ ਜੁੜ ਗਏ, ਸਿਰ ਲੁਕਾਉਣ ਲੱਗੇ... ਤੌਬਾ, ਕਿੰਨਾ ਡਰ ਗਏ ਸੀ ਅਸੀਂ।"

"ਓਹੋ!" ਪਾਵਲੂਸ਼ਾ ਬੋਲਿਆ, "ਪਰ ਉਹ ਖੰਘਿਆ ਕਿਉਂ?"

"ਪਤਾ ਨਹੀਂ, ਸ਼ਾਇਦ ਸਿੱਲ ਸੀ, ਇਸ ਲਈ।"

ਥੋੜੀ ਦੇਰ ਤੱਕ ਸਭ ਚੁੱਪ ਰਹੇ।

"ਕਿਉਂ ਆਲੂ ਉੱਬਲ ਗਏ?" ਫੇਦਿਆ ਨੇ ਪੁੱਛਿਆ।

ਪਾਵਲੂਸ਼ਾ ਨੇ ਆਲੂ ਛੂਹ ਕੇ ਦੇਖੇ।

"ਨਹੀਂ ਹਾਲੇ ਕੱਚੇ ਨੇ... ਉਏ ਹੋਏ! ਕਿਹੋ ਜਿਹਾ ਜ਼ੋਰ ਦਾ ਖੜਕਾ ਹੋਇਆ," ਨਦੀ ਵੱਲ ਮੂੰਹ ਕਰਕੇ ਉਹ ਬੋਲਿਆ, "ਜਰੂਰ ਕੋਈ ਵੱਡੀ ਮੱਛੀ ਹੈ... ਉਹ ਦੇਖੋ, ਤਾਰਾ ਟੁੱਟਿਆ ਹੈ!"

"ਲਓ, ਮੈਂ ਇੱਕ ਮਜ਼ੇਦਾਰ ਕਿੱਸਾ ਸੁਣਾਉਂਦਾ ਹਾਂ।" ਕੋਸਤਿਆ ਆਪਣੀ ਪਤਲੀ ਜਿਹੀ ਅਵਾਜ਼ ਵਿੱਚ ਬੋਲਣ ਲੱਗਿਆ। "ਸੁਣੋ ਭਰਾਵੋ, ਹਾਲੇ ਕੁਝ ਦਿਨ ਪਹਿਲਾਂ ਹੀ ਬਾਪੂ ਨੇ ਮੇਰੇ ਸਾਹਮਣੇ ਇਹ ਗੱਲ ਸੁਣਾਈ ਸੀ।"

"ਅੱਛਾ ਤਾਂ ਸੁਣਾ," ਫ਼ੇਦਿਆ ਨੇ ਆਗਿਆ ਦੇਣ ਦੇ ਲਹਿਜੇ 'ਚ ਕਿਹਾ।

"ਗਵਰੀਲਾ ਨੂੰ ਤਾਂ ਤੁਸੀਂ ਜਾਣਦੇ ਹੀ ਹੋ, ਉਹੀ ਜੋ ਪਿੰਡ ਵਿੱਚ ਤਰਖ਼ਾਣ ਹੈ।"

"ਹਾਂ, ਜਾਣਦੇ ਹਾਂ।"

"ਪਤਾ ਹੈ ਕਿਉਂ ਉਹ ਹਮੇਸ਼ਾਂ ਇੰਨਾ ਉਦਾਸ, ਗੁੰਮ-ਸੁੰਮ ਰਹਿੰਦਾ ਹੈ, ਕਦੇ ਹੱਸਦਾ-ਬੋਲਦਾ ਨਹੀਂ, ਪਤਾ ਹੈ? ਸੁਣੋ, ਮੈਂ ਦੱਸਦਾ ਹਾਂ: ਬਾਪੂ ਦੱਸ ਰਿਹਾ ਸੀ ਕਿ ਉਹ ਜੰਗਲ਼ ਵਿੱਚ ਗਿਆ ਸੀ, ਜੰਗਲ਼ੀ ਅਖ਼ਰੋਟ ਲੱਭਣ। ਜਦੋਂ ਜੰਗਲ ਵਿੱਚ ਗਿਆ, ਤਾਂ ਉਥੇ ਰਸਤਾ ਭੁੱਲ ਗਿਆ; ਪਤਾ ਨਹੀਂ ਕਿੱਧਰ ਜਾ ਪਹੁੰਚਿਆ, ਕਿੱਥੇ ਭਟਕ ਗਿਆ। ਕਦੇ ਇੱਧਰ ਜਾਵੇ, ਕਦੇ ਉੱਧਰ ਜਾਵੇ, ਪਰ ਰਸਤਾ ਨਾ ਮਿਲ਼ੇ। ਉਪਰੋਂ ਰਾਤ ਪੈਣ 'ਤੇ ਆ ਰਹੀ ਸੀ। ਲਓ ਜੀ, ਅਖ਼ੀਰ ਉਹ ਇੱਕ ਰੁੱਖ ਥੱਲੇ ਬੈਠ ਗਿਆ। ਸੋਚਣ ਲੱਗਾ ਕਿ ਚਲੋ, ਸਵੇਰ ਹੋਣ ਤੱਕ ਇੱਥੇ ਹੀ ਬੈਠ ਜਾਂਦਾ ਹਾਂ। ਤਾਂ ਜੀ, ਉਹ ਬੈਠਾ-ਬੈਠਾ ਉਬਾਸੀਆਂ ਲੈਣ ਲੱਗਿਆ ਅਤੇ ਸੌਂ ਗਿਆ। ਅਚਾਨਕ ਸੁਣਦਾ ਹੈ ਕਿ ਕੋਈ ਉਸਨੂੰ ਬੁਲਾ ਰਿਹਾ ਹੈ। ਇੱਧਰ-ਉੱਧਰ ਦੇਖਿਆ ਪਰ ਕੋਈ ਹੈ ਹੀ ਨਹੀਂ ਸੀ। ਉਹ ਫਿਰ ਉਬਾਸੀਆਂ ਲੈਣ ਲੱਗਾ। ਫਿਰ ਉਹੀ ਪੁਕਾਰ ਸੁਣਾਈ ਦਿੱਤੀ। ਉਹ ਫਿਰ ਦੇਖਣ ਲੱਗਿਆ, ਅਖ਼ੀਰ ਨੂੰ ਕੀ ਦੇਖਦਾ ਜੀ ਕਿ ਉਸਦੇ ਸਾਹਮਣੇ ਦੇ ਰੁੱਖ ਦੀ ਟਾਹਣੀ 'ਤੇ ਜਲਪਰੀ ਬੈਠੀ ਹੈ, ਝੂਲਦੀ ਜਾ ਰਹੀ ਹੈ, ਉਹਨੂੰ ਬੁਲਾ ਰਹੀ ਹੈ ਅਤੇ ਖੁਦ ਹਾਸੇ ਨਾਲ਼ ਲੋਟ-ਪੋਟ ਹੋ ਰਹੀ ਹੈ... ਹੁਣ, ਭਰਾ ਜੀ, ਰਾਤ ਤਾਂ ਚਾਨਣੀ ਸੀ, ਅਜਿਹੀ ਚਾਨਣੀ ਕਿ ਬੱਸ ਇੱਕ-ਇੱਕ ਪੱਤਾ ਦਿਖਾਈ ਦੇ ਰਿਹਾ ਸੀ। ਤਾਂ, ਲਓ ਜੀ ਉਹ ਉਸਨੂੰ ਬੁਲਾਈ ਜਾਵੇ, ਅਤੇ ਖੁਦ ਅਜਿਹੀ ਗੋਰੀ-ਚਿੱਟੀ ਟਾਹਣੀ 'ਤੇ ਬੈਠੀ ਹੋਈ ਸੀ, ਜਿਵੇਂ ਡੈਸ ਮੱਛੀ ਰਜਾਂ ਰੋਚ ਜਾਂ ਫਿਰ ਉਹ ਕਾਰਪ ਮੱਛੀ ਵੀ ਅਜਿਹੀ ਚਾਂਦੀ ਵਿੱਚ ਚਮਕਦੀ ਹੈ... ਹੁਣ ਭਰਾ ਜੀ, ਗਵਰੀਲਾ ਤਰਖ਼ਾਣ ਦੇ ਤਾਂ ਹੋਸ਼-ਹਵਾਸ ਗੁੰਮ, ਉੱਧਰ ਉਹ ਜਲਪਰੀ ਉਹਨੂੰ ਇਸ਼ਾਰਾ ਕਰੀ ਜਾਵੇ, ਹੱਸ-ਹੱਸਕੇ ਸੱਦੀ ਜਾਵੇ। ਗਵਰੀਲਾ ਤਾਂ ਉੱਠ ਕੇ ਤੁਰ ਹੀ ਪਿਆ ਸੀ, ਪਰ ਇਹ ਸਮਝੋਂ ਕਿ ਰੱਬ ਨੇ ਉਸਦੇ ਦਿਲ ਵਿੱਚ ਪਾ ਦਿੱਤੀ : ਉਸਨੇ ਆਪਣੀ ਛਾਤੀ 'ਤੇ ਸਲੀਬ ਦਾ ਨਿਸ਼ਾਨ ਬਣਾ ਹੀ ਲਿਆ... ਪਤਾ ਹੈ ਕਿੰਨੀ ਮੁਸ਼ਕਿਲ ਹੋਈ ਸੀ ਉਸਨੂੰ ਇਹ ਕਰਨ ਵਿੱਚ, ਉਹ ਕਹਿ ਰਿਹਾ ਸੀ : ਹੱਥ ਜਿਵੇਂ ਪੱਥਰ ਹੋ ਗਿਆ ਹੋਵੇ, ਉੱਠ ਹੀ ਨਹੀਂ ਸੀ ਰਿਹਾ। ਉਹ, ਕੰਮਬਖ਼ਤ, ਚਲ! ... ਬਸ ਭਾਈ ਜੀ, ਜਿਵੇਂ ਹੀ ਉਹਨੇ ਸਲੀਬ ਦਾ ਨਿਸ਼ਾਨ ਬਣਾਇਆ ਜਲਪਰੀ ਨੇ ਹੱਸਣਾ ਬੰਦ ਕਰ ਦਿੱਤਾ, ਅਤੇ ਲੱਗੀ ਉਹ ਫੁੱਟ-ਫੁੱਟ ਕੇ ਰੋਣ... ਰੋਂਦੀ ਜਾਵੇ, ਰੋਂਦੀ ਜਾਵੇ, ਵਾਲ਼ਾਂ ਨਾਲ਼ ਅੱਖਾਂ ਪੂੰਝਦੀ ਜਾਵੇ, ਅਤੇ ਵਾਲ਼ ਤਾਂ ਉਸਦੇ ਹਰੇ-ਹਰੇ ਸਨ, ਜਿਵੇਂ ਤੁਹਾਡਾ ਪਟਸਨ। ਲਓ ਜੀ, ਗਵਰੀਲਾ ਉਹਨੂੰ ਦੇਖਦਾ ਰਿਹਾ, ਦੇਖਦਾ ਰਿਹਾ ਅਤੇ ਆਖ਼ਰ ਪੁੱਛ ਬੈਠਾ : "ਏ ਜਲਪਰੀ ਤੂੰ ਰੋਂਦੀ ਕਿਉਂ ਏ?" ਜਲਪਰੀ ਨੇ ਵੀ ਉਹਨੂੰ ਤੁਰੰਤ ਜਵਾਬ ਦਿੱਤਾ, ਬੋਲੀ: "ਜੇ ਤੂੰ ਸਲੀਬ ਦਾ ਨਿਸ਼ਾਨ ਨਾ ਬਣਾਉਂਦਾ, ਤਾਂ ਆਖ਼ਰੀ ਦਿਨ ਤੱਕ ਮੌਜਾਂ ਨਾਲ਼ ਮੇਰੇ ਨਾਲ਼ ਰਹਿੰਦਾ; ਰੋਣਾ ਇਸੇ ਗੱਲ ਦਾ ਹੈ, ਇਸ ਲਈ ਮੈਂ ਦੁਖੀ ਹਾਂ ਕਿ ਤੂੰ ਸਲੀਬ ਦਾ ਨਿਸ਼ਾਨ ਬਣਾਇਆ, ਪਰ ਮੈਂ ਇਕੱਲੀ ਦੁਖੀ ਨਹੀਂ ਰਹਾਂਗੀ; ਜਾ ਤੂੰ ਵੀ

ਮਰਦੇ ਦਮ ਤੱਕ ਦੁਖੀ ਰਹੇਂਗਾ।" ਲਓ ਜੀ, ਬੱਸ ਇੰਨਾ ਕਹਿਕੇ ਉਹ ਗਾਇਬ ਹੋ ਗਈ ਅਤੇ ਗਵਰੀਲਾ ਨੂੰ ਵੀ ਫੌਰਨ ਘਰ ਦਾ ਰਸਤਾ ਸਮਝ ਵਿੱਚ ਆ ਗਿਆ... ਬੱਸ, ਉਦੋਂ ਤੋਂ ਹੀ ਉਹ ਉਦਾਸ ਰਹਿੰਦਾ ਹੈ।"

"ਹੂੰ, ਦੇਖੋ ਤਾਂ!" ਕੁੱਝ ਦੇਰ ਖ਼ਮੋਸ਼ੀ ਤੋਂ ਬਾਅਦ ਫ਼ੇਦਿਆ ਬੋਲਿਆ। "ਕਿਵੇਂ ਕੋਈ ਭੂਤਨੀ ਇਸਾਈ ਦੀ ਆਤਮਾ ਨੂੰ ਭ੍ਰਿਸ਼ਟ ਕਰ ਸਕਦੀ ਹੈ — ਆਖ਼ਰ ਗਵਰੀਲਾ ਨੇ ਉਸਦਾ ਕਹਿਣਾ ਤਾਂ ਮੰਨਿਆ ਹੀ ਨਹੀਂ ਸੀ?"

"ਬੱਸ, ਇੰਝ ਹੀ ਹੁੰਦਾ ਹੈ।" ਕੋਸਤਿਆ ਬੋਲਿਆ, "ਗਵਰੀਲਾ ਵੀ ਕਹਿੰਦਾ ਸੀ ਕਿ ਉਸਦੀ ਅਵਾਜ਼ ਇੰਨੀ ਪਤਲੀ ਅਤੇ ਤਰਸਭਰੀ ਸੀ ਜਿਵੇਂ ਕੋਈ ਡੱਡ ਹੋਵੇ।"

"ਕੀ ਇਹ ਗੱਲ ਖੁਦ ਤੇਰੇ ਬਾਪੂ ਨੇ ਸੁਣਾਈ ਸੀ?" ਫ਼ੇਦਿਆ ਪੁੱਛੀ ਜਾ ਰਿਹਾ ਸੀ।

"ਹਾਂ, ਮੈਂ ਬਿਸਤਰੇ 'ਚ ਲੇਟਿਆ ਹੋਇਆ ਸੀ, ਸਭ ਕੁੱਝ ਸੁਣ ਰਿਹਾ ਸੀ।"

"ਹੈਰਾਨੀ ਦੀ ਗੱਲ ਹੈ! ਭਲਾਂ ਉਹਨੂੰ ਕਾਹਦੀ ਉਦਾਸੀ! ... ਹਾਂ, ਭਾਈ, ਉਹ ਜਰੂਰ ਜਲਪਰੀ ਨੂੰ ਪਸੰਦ ਆ ਗਿਆ ਹੋਵੇਗਾ, ਤਾਂਹੀ ਉਹ ਉਸਨੂੰ ਬੁਲਾ ਰਹੀ ਸੀ।"

"ਬਈ ਹਾਂ, ਪਸੰਦ ਆ ਗਿਆ!" ਇਲਿਊਸ਼ਾ ਬੋਲ ਪਿਆ, "ਜਰੂਰ ਪਸੰਦ ਆਏਗਾ! ਉਹ ਤਾਂ ਉਸਨੂੰ ਕੁਤਕੁਤਾੜੀਆਂ ਕੱਢ ਕੇ ਮਾਰਨਾ ਚਾਹੁੰਦੀ ਸੀ, ਸਮਝਿਆ। ਇਹਨਾਂ ਜਲਪਰੀਆਂ ਦਾ ਕੰਮ ਇਹੀ ਹੈ।"

"ਇੱਥੇ ਵੀ ਤਾਂ ਜਲਪਰੀਆਂ ਹੋਣਗੀਆਂ," ਫ਼ੇਦਿਆ ਨੇ ਕਿਹਾ।

"ਨਹੀਂ ਇਹ ਜਗ੍ਹਾ ਸਾਫ਼ ਹੈ," ਕੋਸਤਿਆ ਨੇ ਜਵਾਬ ਦਿੱਤਾ। "ਬੱਸ ਇਹ ਨਦੀ ਹੀ ਕੋਲ਼ ਹੈ, ਹੋਰ ਤਾਂ ਕੁੱਝ ਨਹੀਂ।"

ਸਭ ਚੁੱਪ ਹੋ ਗਏ। ਅਚਾਨਕ ਕਿਤੇ ਦੂਰ ਤੋਂ ਲੰਮੀ, ਬਿਲਕੁਲ ਰੋਣ ਵਰਗੀ ਅਵਾਜ਼ ਗੂੰਜੀ। ਉਹ ਰਾਤ ਦੀਆਂ ਉਹਨਾਂ ਰਹੱਸਮਈ ਅਵਾਜ਼ਾਂ ਵਿੱਚੋਂ ਇੱਕ ਸੀ, ਜੋ ਗਹਿਰੀ ਖ਼ਾਮੋਸ਼ੀ ਵਿੱਚ ਅਚਾਨਕ ਪ੍ਰਗਟ ਹੋ ਜਾਂਦੀਆਂ ਹਨ, ਹਵਾ ਵਿੱਚ ਉੱਠਦੀਆਂ ਹਨ, ਗੂੰਜਦੀਆਂ ਰਹਿੰਦੀਆਂ ਹਨ ਅਤੇ ਫਿਰ ਹੌਲ਼ੀ-ਹੌਲ਼ੀ ਅਲੋਪ ਹੁੰਦੀਆਂ ਦੂਰ ਚਲੀਆਂ ਜਾਂਦੀਆਂ ਹਨ। ਕੰਨ ਲਾਓ ਤਾਂ ਲਗਦਾ ਹੈ ਕੋਈ ਅਵਾਜ਼ ਨਹੀਂ ਹੈ, ਪਰ ਇੱਕ ਹਲਕੀ ਜਿਹੀ ਗੂੰਜ ਰਹਿੰਦੀ ਹੈ।

ਅਜਿਹਾ ਲਗਦਾ ਹੈ ਜਿਵੇਂ ਅਸਮਾਨ ਕੋਲ਼ ਕਿਸੇ ਨੇ ਬਹੁਤ ਹੀ ਲੰਬੀ ਚੀਕ ਮਾਰੀ ਅਤੇ ਫਿਰ ਜੰਗਲ਼ ਵਿੱਚ ਕੋਈ ਉਸਦੇ ਜਵਾਬ ਵਿੱਚ ਤਿੱਖੀ ਅਵਾਜ਼ ਵਿੱਚ ਖਿੜਖਿੜਾ ਕੇ ਹੱਸਿਆ ਅਤੇ ਨਦੀ ਦੇ ਤਟ 'ਤੇ ਸਰਸਰੀ ਜਿਹੀ ਫੁੰਕਾਰ ਵਧ ਗਈ। ਮੁੰਡਿਆਂ ਨੇ ਇੱਕ-ਦੂਜੇ ਵੱਲ ਦੇਖਿਆ, ਅਤੇ ਡਰ ਗਏ...

"ਈਸਾ ਸਾਡੇ ਨਾਲ਼ ਹੈ!" ਇਲਿਊਸ਼ਕਾ ਬੁੜਬੁੜਾਇਆ।

"ਵਾਹ ਬਈ, ਕਬੂਤਰੋ!" ਪਾਵਲੂਸ਼ਾ ਚੀਕਿਆ, "ਕਿਉਂ ਕੰਬ ਗਏ ? ਦੇਖੋ ਆਲੂ ਉੱਬਲ ਗਏ।"

ਮੁੰਡੇ ਪਤੀਲੇ ਕੋਲ਼ ਆ ਗਏ ਅਤੇ ਗਰਮ-ਗਰਮ ਭਾਫ਼ ਛੱਡਦੇ ਆਲੂ ਖਾਣ ਲੱਗੇ; ਸਿਰਫ਼ ਵਾਨੀਆ ਹੀ ਹਿਲਿਆ-ਜੁਲਿਆ ਨਹੀਂ "ਉਏ! ਖਾਣੇ ਨਹੀਂ ?" ਪਾਵਲੂਸ਼ਾ ਨੇ ਪੁੱਛਿਆ।

ਪਰ ਉਹ ਚਟਾਈ ਹੇਠੋਂ ਨਹੀਂ ਨਿੱਕਲਿਆ। ਪਤੀਲਾ ਜਲਦੀ ਹੀ ਖ਼ਾਲੀ ਹੋ ਗਿਆ।

"ਅੱਛਾ, ਤੂੰ ਸੁਣਿਆਂ, ਹੁਣੇ ਉਸ ਦਿਨ ਸਾਡੇ ਵਰਨਾਵਿਤਸੀ 'ਚ ਕੀ ਹੋਇਆ ?" ਇਲਿਊਸ਼ਾ ਨੇ ਗੱਲ ਛੇੜੀ।

"ਬੰਨ ਦੇ ਕੋਲ਼ ?" ਫ਼ੇਦਿਆ ਨੇ ਪੁੱਛਿਆ।

"ਹਾਂ, ਹਾਂ, ਉਥੇ ਹੀ, ਟੁੱਟੇ ਬੰਨ ਦੇ ਕੋਲ਼। ਉਹ ਹੈ ਅਸਲੀ ਭੂਤੀਆ ਜਗ੍ਹਾ, ਅਤੇ ਇੰਨੀ ਸੁੰਨਸਾਨ। ਚਾਰੇ ਪਾਸੇ ਖੱਡਾਂ, ਟੋਏ, ਢਲਾਣਾਂ ਅਤੇ ਇੰਨੇ ਸੱਪ ਨੇ ਉਥੇ... "

"ਅੱਛਾ, ਦੱਸੀਂ ਤਾਂ ਕੀ ਹੋਇਆ ਉਥੇ ?"



"ਸੁਣੋ, ਕੀ ਹੋਇਆ ਉਥੇ। ਤੈਨੂੰ ਫ਼ੇਦਿਆ ਸ਼ਾਇਦ ਪਤਾ ਨਹੀਂ, ਪਰ ਉਥੇ ਇੱਕ ਆਦਮੀਂ ਡੁੱਬ ਗਿਆ ਸੀ, ਬਹੁਤ ਪਹਿਲਾਂ ਜਦੋਂ ਪਾਣੀ ਡੂੰਘਾ ਸੀ। ਤਾਂ ਉਸਦੀ ਕਬਰ ਹੁਣ ਵੀ ਉਥੇ ਹੈ। ਵੈਸੇ ਤਾਂ ਹੁਣ ਕਬਰ ਥੋੜੀ ਜਿਹੀ ਹੀ ਦਿਸਦੀ ਹੈ, ਇੱਕ ਢੇਰ ਜਿਹਾ ਹੀ ਰਹਿ ਗਿਆ ਹੈ... ਤਾਂ ਹੋਇਆ ਇਹ ਕਿ ਕੁੱਝ ਦਿਨ ਪਹਿਲਾਂ ਕਰਿੰਦੇ ਨੇ ਯੇਰਮੀਲ ਸ਼ਿਕਾਰੀਆਂ ਨੂੰ ਬੁਲਾਇਆ। ਉਹ ਯੇਰਮੀਲ ਹੈ ਨਾ, ਜੋ ਸ਼ਿਕਾਰੀ ਕੁੱਤਿਆਂ ਨੂੰ ਪਾਲ਼ਦਾ ਹੈ। ਕੁੱਤੇ ਤਾਂ ਉਸਦੇ ਸਾਰੇ ਮਰ ਗਏ, ਪਤਾ ਨਹੀਂ ਕਿਉਂ ਉਸਦੇ ਕੋਲ਼ ਬਚਦੇ ਹੀ ਨਹੀਂ, ਕਦੇ ਨਹੀਂ ਰਹੇ, ਵੈਸੇ ਕੰਮ ਉਹ ਆਪਣਾ ਵਧੀਆ ਜਾਣਦਾ ਹੈ। ਅੱਛਾ ਤਾਂ ਕਰਿੰਦੇ ਨੇ ਯੇਰਮੀਲ ਨੂੰ ਬੁਲਾਇਆ ਅਤੇ ਕਿਹਾ ਕਿ ਜਾ ਡਾਕ ਲੈ ਆ। ਸਾਡੇ ਹਮੇਸ਼ਾਂ ਯੇਰਮੀਲ ਡਾਕ ਲੈਣ ਜਾਂਦਾ ਹੈ। ਤਾਂ ਯੇਰਮੀਲ ਸ਼ਹਿਰ ਚਲਿਆ ਗਿਆ, ਬੱਸ ਉਥੇ ਉਸਨੇ ਕੁੱਝ ਦੇਰ ਕਰ ਦਿੱਤੀ, ਜਦੋਂ ਵਾਪਸ ਚੱਲਿਆ, ਤਾਂ ਪੀਤੀ ਹੋਈ ਸੀ। ਘੋੜੇ 'ਤੇ ਉਹ ਆ ਰਿਹਾ ਸੀ, ਰਾਤ ਪੈ ਚੁੱਕੀ ਸੀ, ਚਾਂਦਨੀ ਰਾਤ... ਤਾਂ ਯੇਰਮੀਲ ਆਇਆ ਬੰਨ 'ਤੋਂ ਦੀ, ਬੱਸ ਇਹੀ ਰਾਸਤਾ ਮਿਲ਼ਿਆ ਸੀ ਉਸਨੂੰ। ਲਓ ਜੀ, ਤੁਰਿਆ ਆ ਰਿਹਾ ਹੈ ਯੇਰਮੀਲ ਸ਼ਿਕਾਰੀ ਅਤੇ ਕੀ ਦੇਖਦਾ ਕਿ ਜਿੱਥੇ ਕਬਰ ਹੈ, ਉਥੇ ਢੇਰ 'ਤੇ ਇੱਕ ਮੇਮਣਾ ਟਹਿਲ ਰਿਹਾ

ਹੈ – ਘੁੰਗਰਾਲ਼ੇ ਰੇਸ਼ਿਆਂ ਵਾਲ਼ਾ, ਚਿੱਟਾ–ਚਿੱਟਾ। ਤਾਂ ਯੇਰਮੀਲ ਨੇ ਸੋਚਿਆ ਕਿਉਂ ਨਾ ਮੈਂ ਇਸਨੂੰ ਚੁੱਕ ਲਵਾਂ। ਐਵੇਂ ਇੱਥੇ ਬੇਕਾਰ ਜਾਵੇਗਾ। ਬੱਸ ਉਹ ਘੋੜੇ ਤੋਂ ਉੱਤਰਿਆ ਅਤੇ ਮੇਮਣੇ ਨੂੰ ਗੋਦੀ ਚੁੱਕ ਲਿਆ। ਮੇਮਣਾ ਵੀ ਚੁੱਪ–ਚਾਪ ਗੋਦੀ 'ਚ ਆ ਗਿਆ। ਬੱਸ ਉਹਨੂੰ ਚੱਕ ਕੇ ਯੇਰਮੀਲ ਘੋੜੇ ਵੱਲ ਚੱਲ ਪਿਆ, ਘੋੜਾ ਲੱਗਿਆ ਮੂੰਹ ਫੇਰਨ, ਫਰਾਟੇ ਮਾਰਨ; ਪਰ ਖ਼ੈਰ ਉਹਨੇ ਘੋੜੇ ਨੂੰ ਝੰਬਿਆ ਅਤੇ ਮੇਮਣੇ ਨੂੰ ਲੈ ਕੇ ਚੱਲ ਪਿਆ। ਮੇਮਣਾ ਉਹਦੇ ਸਾਹਮਣੇ ਰੱਖਿਆ ਹੋਇਆ ਸੀ। ਉਹ ਮੇਮਣੇ ਵੱਲ ਦੇਖੇ ਅਤੇ ਮੇਮਣਾ ਵੀ ਸਿੱਧਾ ਉਹਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਦਾ ਜਾਵੇ। ਲਓ ਜੀ ਡਰ ਗਿਆ ਯੇਰਮੀਲ ਸ਼ਿਕਾਰੀ: ਯਾਦ ਨਹੀਂ ਆਉਂਦਾ ਕਿ ਕਦੀ ਕੋਈ ਮੇਮਣਾ ਇਉਂ ਤੱਕਦਾ ਹੋਵੇ; ਪਰ ਖ਼ੈਰ ਕੋਈ ਗੱਲ ਨਹੀਂ; ਉਹ ਮੇਮਣੇ ਨੂੰ ਲੱਗਿਆ ਸਹਿਲਾਉਣ, ਬੋਲਿਆ : "ਪੂਚ – ਪੂਚ – ਪੂਚ!" ਲਓ ਜੀ ਮੇਮਣੇ ਨੇ ਵੀ ਦੰਦ ਕੱਢੇ ਅਤੇ ਬੋਲ ਪਿਆ : "ਪੂਚ – ਪੂਚ – ਪੂਚ".....



ਕਹਾਣੀ ਸੁਣਾਉਂਣ ਵਾਲ਼ੇ ਦੇ ਮੂੰਹੋਂ ਇਹ ਆਖ਼ਰੀ ਸ਼ਬਦ ਨਿੱਕਲਿਆ ਵੀ ਨਹੀਂ ਸੀ ਕਿ ਅਚਾਨਕ ਦੋਵੇਂ ਕੁੱਤੇ ਇਕੱਠੇ ਉੱਠ ਖੜੇ ਹੋਏ, ਜ਼ੋਰ–ਜ਼ੋਰ ਨਾਲ਼ ਭੌਂਕਦੇ ਹੋਏ ਧੂਣੀਆਂ ਤੋਂ ਦੂਰ ਝਪਟੇ ਅਤੇ ਹਨੇਰੇ ਵਿੱਚ ਓਝਲ ਹੋ ਗਏ। ਸਾਰੇ ਮੁੰਡੇ ਡਰ ਗਏ, ਵਾਨੀਆ ਆਪਣੀ ਚਟਾਈ ਹੇਠੋਂ ਨਿੱਕਲ ਆਇਆ, ਪਾਵਲੂਸ਼ਾ ਰੌਲ਼ਾ ਪਾਉਂਦਾ ਕੁੱਤਿਆਂ ਦੇ ਪਿੱਛੇ ਭੱਜਿਆ। ਉਹਨਾਂ ਦੇ ਭੌਂਕਣ ਦੀ ਅਵਾਜ਼ ਆਈ। ਪਾਵਲੂਸ਼ਾ ਜ਼ੋਰ ਨਾਲ਼ ਬੋਲਿਆ, "ਭੂਰੇ! ਜੂਕਚਾ!" ਕੁੱਝ ਪਲ ਬੀਤੇ; ਮੁੰਡੇ ਹੈਰਾਨ–ਪ੍ਰੇਸ਼ਾਨ ਇੱਕ–ਦੂਜੇ ਵੱਲ ਦੇਖ ਰਹੇ ਸਨ, ਜਿਵੇਂ ਇਹ ਇੰਤਜ਼ਾਰ ਕਰ ਰਹੇ ਹੋਣ ਕਿ ਕੀ ਹੋਵੇਗਾ... ਅਚਾਨਕ ਤੇਜ਼ੀ ਨਾਲ਼ ਦੌੜਦੇ ਹੋਏ ਘੋੜੇ ਦੀਆਂ ਟਾਪਾਂ ਸੁਣਾਈ ਦਿੱਤੀਆਂ, ਘੋੜਾ ਧੂਣੀ ਦੇ ਬਿਲਕੁਲ ਕੋਲ਼ ਆ ਕੇ ਝਟਕੇ ਨਾਲ਼ ਰੁਕ ਗਿਆ, ਉਹਦੀ ਗਰਦਨ ਫੜ ਕੇ ਪਾਵਲੂਸ਼ਾ ਫੁਰਤੀ ਨਾਲ਼ ਥੱਲੇ ਉੱਤਰਿਆ। ਦੋਨੇ ਕੁੱਤੇ ਚਾਨਣ ਦੇ ਘੇਰੇ ਵਿੱਚ ਕੁੱਦ ਆਏ ਅਤੇ ਤੁਰੰਤ ਹੀ ਆਪਣੀਆਂ ਲਾਲ–ਲਾਲ ਜੀਭਾਂ ਬਾਹਰ ਕੱਢ ਕੇ ਬੈਠ ਗਏ।

"ਕੀ ਹੋਇਆ ? ਕੀ ਸੀ ?" ਮੁੰਡਿਆਂ ਨੇ ਪੁੱਛਿਆ।

“ਕੁੱਝ ਨਹੀਂ,” ਪਾਵਲੂਸ਼ਾ ਨੇ ਜਵਾਬ ਦਿੱਤਾ ਅਤੇ ਘੋੜਿਆਂ ਵੱਲ ਹੱਥ ਹਿਲਾਇਆ। ਐਂਵੇਂ ਹੀ ਕੁੱਤਿਆਂ ਨੂੰ ਕੋਈ ਖੜਕਾ ਸੁਣਿਆ ਹੋਵੇਗਾ। ਮੈਂ ਸੋਚਿਆ ਸੀ, ਬਘਿਆੜ ਆ ਗਿਆ,” ਲਾਪਰਵਾਹੀ ਨਾਲ਼ ਉਸਨੇ ਗੱਲ ਪੂਰੀ ਕੀਤੀ। ਉਹ ਪੂਰੀ ਛਾਤੀ ਫੈਲਾਕੇ ਸਾਹ ਲੈ ਰਿਹਾ ਸੀ।

ਮੈਂ ਮੱਲੋ-ਜ਼ੋਰੀ ਘਾਬਰਿਆ ਹੋਇਆ ਪਾਵਲੂਸ਼ਾ ਵੱਲ ਵੇਖਣ ਲੱਗਾ। ਇਸ ਪਲ ਉਹ ਬਹੁਤ ਚੰਗਾ ਲੱਗ ਰਿਹਾ ਸੀ। ਉਸਦਾ ਕੁਸੋਹਣਾ ਮੁਖੜਾ ਘੋੜਾ ਭਜਾਉਣ ਨਾਲ਼ ਚਮਕ ਪਿਆ ਸੀ ਅਤੇ ਉਹਦੇ ਤੋਂ ਬਹਾਦਰੀ ਅਤੇ ਦ੍ਰਿੜਤਾ ਝਲਕਦੀ ਸੀ। ਹੱਥ ਵਿੱਚ ਇੱਕ ਸੋਟੀ ਵੀ ਲਏ ਬਿਨਾਂ, ਰਾਤ ਨੂੰ ਉਹ ਇਕੱਲਾ ਹੀ, ਬੇਝਿਜਕ ਬਘਿਆੜਾਂ ਦਾ ਸਾਹਮਣਾ ਕਰਨ ਨਿੱਕਲਿਆ ਸੀ। “ਕਿੰਨਾ ਪਿਆਰਾ ਮੁੰਡਾ ਹੈ!” ਉਹਨੂੰ ਦੇਖਦੇ ਹੋਏ ਮੈਂ ਸੋਚ ਰਿਹਾ ਸੀ।

“ਕਦੇ ਇੱਥੇ ਬਘਿਆੜ ਦੇਖੇ ਨੇ?” ਡਰਪੋਕ ਕੋਸਤਿਆ ਨੇ ਪੁੱਛਿਆ।

“ਇੱਥੇ ਹਮੇਸ਼ਾਂ ਹੀ ਬਹੁਤ ਹੁੰਦੇ ਨੇ,” ਪਾਵਲੂਸ਼ਾ ਨੇ ਜਵਾਬ ਦਿੱਤਾ। “ਪਰ ਉਹ ਤਾਂ ਸਰਦੀ ਵਿੱਚ ਹੀ ਤੰਗ ਕਰਦੇ ਨੇ।”

ਉਹ ਫਿਰ ਤੋਂ ਧੂਣੀ ਕੋਲ਼ ਬੈਠ ਗਿਆ। ਜ਼ਮੀਨ ’ਤੇ ਬੈਠਦੇ ਹੋਏ ਉਸਨੇ ਇੱਕ ਕੁੱਤੇ ਦੇ ਜੱਤਲ਼ ਸਿਰ ’ਤੇ ਹੱਥ ਰੱਖ ਲਿਆ। ਕੁੱਤਾ ਖੁਸ਼ ਹੋ ਗਿਆ, ਬੜੀ ਦੇਰ ਤੱਕ ਉਸਨੇ ਸਿਰ ਨਹੀਂ ਘੁੰਮਾਇਆ ਅਤੇ ਤਿਰਛੀ ਨਜ਼ਰ ਨਾਲ਼ ਸਤਿਕਾਰ ਅਤੇ ਮਾਣ ਦੇ ਨਾਲ਼ ਪਾਵਲੂਸ਼ਾ ਵੱਲ ਦੇਖਦਾ ਰਿਹਾ।


ਵਾਨੀਆ ਫਿਰ ਤੋਂ ਚਟਾਈ ਹੇਠ ਵੜ ਗਿਆ।

“ਹਾਂ ਤਾਂ, ਇਲਿਊਸ਼ਾ, ਕਿਹੋ ਜਿਹੀਆਂ ਡਰਾਉਣੀਆਂ ਗੱਲਾਂ ਸੁਣਾ ਰਿਹਾ ਸੀ ਤੂੰ।,” ਫੇਰ ਫ਼ੇਦਿਆ ਨੇ ਗੱਲਾਂ ਦਾ ਸਿਲਸਿਲਾ ਸ਼ੁਰੂ ਕੀਤਾ, ਖੁਸ਼ਹਾਲ ਘਰ ਦਾ ਹੋਣ ਕਾਰਨ ਉਹਨੂੰ ਮੁੰਡਿਆਂ ਦੀ ਗੱਲਬਾਤ ਵਿੱਚ ਅਗਵਾਈ ਕਰਨੀਂ ਪੈਂਦੀ ਸੀ। (ਖੁਦ ਉਹ ਘੱਟ ਹੀ ਬੋਲਦਾ ਸੀ, ਜਿਵੇਂ ਆਪਣੀ ਇੱਜ਼ਤ ਬਣਾਈ ਰੱਖਣ ਲਈ)। “ਇੱਧਰ ਇਹ ਕੁੱਤੇ ਵੀ ਪਤਾ ਨੀਂ ਕਿਉਂ ਭੌਂਕ ਪਏ। ਮੈਂ ਸੱਚ ਹੀ ਸੁਣਿਆ ਸੀ ਕਿ ਤੁਹਾਡੀ ਉਹ ਜਗ੍ਹਾ ਭੂਤਾਂ ਦਾ ਅੱਡਾ ਹੈ।”

“ਵਰਨਾਵਿਤਸੀ?...ਹੋਰ ਨਹੀਂ ਤਾਂ ਕੀ। ਪੂਰਾ ਅੱਡਾ ਹੀ ਹੈ! ਕਹਿੰਦੇ ਨੇ ਉਥੇ ਕਈ ਵਾਰ ਬੁੱਢੇ ਮਾਲਕ ਨੂੰ ਦੇਖਿਆ ਗਿਆ ਹੈ – ਸਵਰਗੀ ਮਾਲਕ ਨੂੰ। ਲੰਮਾ ਖਫ਼ਨ ਪਹਿਨੀਂ ਘੁੰਮਦਾ ਰਹਿੰਦਾ ਹੈ, ਆਹਾਂ ਭਰਦਾ ਹੈ ਅਤੇ ਜ਼ਮੀਨ ’ਤੇ ਕੁੱਝ ਲੱਭਦਾ ਰਹਿੰਦਾ ਹੈ। ਸੁਣਿਆ ਕਿ ਇੱਕ ਵਾਰ ਤੇਰਫ਼ੀਮਿਚ ਬਾਬੇ ਨੇ ਉਹਨੂੰ ਉਥੇ ਦੇਖਿਆ ਤੇ ਪੁੱਛਿਆ : “ਮਾਲਕ ਕੀ ਲੱਭ ਰਹੇ ਓ?”

“ਪੁੱਛਿਆ ਸੀ ਉਹਨੇ?” ਹੈਰਾਨ ਹੋਇਆ ਫ਼ੇਦਿਆ ਵਿੱਚੋਂ ਬੋਲ ਪਿਆ।

“ਹਾਂ, ਪੁੱਛਿਆ ਸੀ।”



“ਫਿਰ ਤਾਂ ਬੜਾ ਬਹਾਦਰ ਹੈ ਉਹ... ਤਾਂ ਕੀ ਜਵਾਬ ਦਿੱਤਾ ਉਸਨੇ ?”

“ਬੋਲਿਆ, **ਤੋੜੂ ਬੂਟੀ*** ਲੱਭ ਰਿਹਾ ਹਾਂ। ਤੇਰਫ਼ੀਮਿਚ ਬਾਬੇ ਐਸੀ ਖੋਖਲ਼ੀ ਅਵਾਜ਼ ਵਿੱਚ ਕਿਹਾ : ‘ਤੋੜੂ-ਬੂਟੀ! ਮਾਲਕ, ਤੋੜੂ-ਬੂਟੀ ਦਾ ਕੀ ਕਰੋਂਗੇ ?’ ਉਹ ਬੋਲਿਆ : ‘ਕਬਰ ਦਾ ਬੋਝ ਸਹਿ ਨਹੀਂ ਹੁੰਦਾ। ਬਾਹਰ ਨਿੱਕਲਣਾ ਚਾਹੁੰਦਾ ਹਾਂ, ਬਾਹਰ... ”

“ਜ਼ਰਾ ਦੇਖੋ ਤਾਂ ਅੱਗੇ ਘੱਟ ਜਿਊਂਇਆ ਸੀ! ਹੋਰ ਜੀਣਾ ਚਾਹੁੰਦਾ ਹੈ,” ਫ਼ੇਦਿਆ ਨੇ ਕਿਹਾ।

“ਕੀ ਅਜੂਬਾ ਹੈ!” ਕੋਸਤਿਆ ਬੋਲਿਆ। “ਮੈਂ ਤਾਂ ਸੋਚਦਾ ਸੀ ਕਿ ਸ਼ਨੀਵਾਰ ਵਾਲ਼ੇ ਸ਼ਰਾਧ ਨੂੰ ਹੀ ਮੁਰਦੇ ਨੂੰ ਦੇਖਿਆ ਜਾ ਸਕਦਾ ਹੈ।”

“ਮਰੇ ਹੋਏ ਨੂੰ ਤਾਂ ਕਦੇ ਵੀ ਦੇਖਿਆ ਜਾ ਸਕਦਾ ਹੈ,” ਇਲਿਊਸ਼ਾ ਨੇ ਭਰੋਸੇ ਨਾਲ਼ ਗੱਲ ਦਾ ਸਿਰਾ ਫੜਿਆ। ਮੈਂ ਦੇਖ ਰਿਹਾ ਸੀ ਕਿ ਪਿੰਡ ਦੇ ਅੰਧ-ਵਿਸ਼ਵਾਸਾਂ ਬਾਰੇ ਉਹੀ ਸਭ ਤੋਂ ਜ਼ਿਆਦਾ ਜਾਣਦਾ ਹੈ। “ਸ਼ਨੀਵਾਰ ਵਾਲ਼ੇ ਸ਼ਰਾਧ ਨੂੰ ਤਾਂ ਤੁਸੀਂ ਜਿਊਂਦਿਆਂ ਨੂੰ ਵੀ ਦੇਖ ਸਕਦੇ ਹੋ, ਜਿਨ੍ਹਾਂ ਦੀ ਉਸ ਸਾਲ ਮਰਨ ਦੀ ਵਾਰੀ ਹੈ। ਬੱਸ ਰਾਤ ਨੂੰ ਗਿਰਜੇ ਦੀਆਂ ਦੇਹਲ਼ੀਆਂ ’ਤੇ ਬੈਠ ਜਾਓ ਅਤੇ ਸੜਕ ਵੱਲ ਦੇਖਦੇ ਰਹੋ। ਬੱਸ ਜਿੰਨ੍ਹਾਂ ਦੀ ਮਰਨ ਦੀ ਵਾਰੀ ਹੈ, ਉਹ ਆਉਂਦੇ ਦਿਖਾਈ ਦੇਣਗੇ। ਸਾਡੇ ਇੱਥੇ ਪਿਛਲੇ ਸਾਲ ਇੱਕ ਬੁੱਢੀ ਉਲੀਆਨਾ ਦੇਖਣ ਗਈ ਸੀ।”

“ਦੇਖਿਆ ਉਸਨੇ ਕਿਸੇ ਨੂੰ ?” ਕੋਸਤਿਆ ਨੇ ਬੇਚੈਨੀ ਨਾਲ਼ ਪੁੱਛਿਆ।

“ਹੋਰ ਨਹੀਂ ਤਾਂ ਕੀ। ਪਹਿਲਾਂ ਤਾਂ ਉਹ ਬੜੀ ਦੇਰ ਬੈਠੀ ਰਹੀ। ਕੁੱਝ ਦਿਸਿਆ ਹੀ ਨਹੀਂ, ਨਾ ਕੁੱਝ

ਤੋੜੂ ਬੂਟੀ* = ਲੋਕ ਵਿਸ਼ਵਾਲ ਅਨੁਸਾਰ ਅਜਿਹੀ ਬੂਟੀ, ਜਿਸ ਨਾਲ਼ ਸਾਰੇ ਜਿੰਦੇ, ਕੁੰਡੇ ਟੁੱਟ ਜਾਂਦੇ ਹਨ। — ਸੰਪਾ:

ਸੁਣਾਈ ਦਿੱਤਾ... ਬੱਸ ਲਗਦਾ ਸੀ ਕਿਤੇ ਇੱਕ ਕੁੱਤਾ ਰੁਕ-ਰੁਕ ਕੇ ਭੌਂਕਣ ਲੱਗ ਪੈਂਦਾ... ਅਚਾਨਕ ਕੀ ਦੇਖਦੀ ਆ ਕਿ ਸੜਕ 'ਤੇ ਇੱਕ ਮੁੰਡਾ ਤੁਰਿਆ ਆ ਰਿਹਾ ਹੈ। ਸਿਰਫ਼ ਕਮੀਜ਼ ਪਾਈ। ਉਹ ਬੜੇ ਧਿਆਨ ਨਾਲ਼ ਦੇਖਣ ਲੱਗੀ - ਇਵਾਸ਼ਕਾ ਫੇਦਾਸੇਯੇਵ ਤੁਰਿਆ ਆ ਰਿਹਾ ਸੀ... ”

“ਉਹੀ ਜੋ ਬਸੰਤ ਵਿੱਚ ਮਰ ਗਿਆ ?” ਫ਼ੇਦਿਆ ਨੇ ਗੱਲ ਕੱਟੀ।

“ਹਾਂ, ਉਹੀ। ਤੁਰਿਆ ਆ ਰਿਹਾ ਸੀ ਅਤੇ ਸਿਰ ਨਹੀਂ ਸੀ ਚੁੱਕ ਰਿਹਾ... ਪਰ ਬੁੱਢੀ ਉਲੀਆਨਾ ਉਹਨੂੰ ਪਛਾਣ ਗਈ... ਫਿਰ ਦੇਖਦੀ ਹੈ ਕਿ ਇੱਕ ਬੁੱਢੀ ਤੁਰੀ ਆ ਰਹੀ ਹੈ... ਉਹ ਧਿਆਨ ਨਾਲ਼ ਦੇਖਣ ਲੱਗੀ, ਦੇਖਦੀ ਜਾਵੇ, ਦੇਖਦੀ ਜਾਵੇ... ਹਾਏ ਰੱਬਾ! ਇਹ ਤਾਂ ਉਹ ਖ਼ੁਦ ਹੀ ਆ ਰਹੀ ਸੀ।”

“ਸੱਚੀਂ ?” ਫ਼ੇਦਿਆ ਨੇ ਪੁੱਛਿਆ।

“ਹਾਂ, ਸੱਚੀਂ ਉਹੀ ਸੀ।”

“ਪਰ ਉਹ ਤਾਂ ਹਾਲੇ ਮਰੀ ਨਹੀਂ ?”

“ਤਾਂ ਕੀ ਹੋਇਆ, ਸਾਲ ਤਾਂ ਹਲੇ ਪੂਰਾ ਨਹੀਂ ਹੋਇਆ। ਉਹਦੀ ਹਾਲਤ ਤਾਂ ਦੇਖੋ : ਜਿਵੇਂ-ਤਿਵੇਂ ਕਰਕੇ ਜਾਨ ਅਟਕੀ ਹੋਈ ਹੈ।”

ਸਾਰੇ ਫਿਰ ਤੋਂ ਸ਼ਾਂਤ ਹੋ ਗਏ। ਪਾਵਲੂਸ਼ਾ ਨੇ ਮੁੱਠੀ ਭਰ ਸੁੱਕੀਆਂ ਟਾਹਣੀਆਂ ਅੱਗ ਵਿੱਚ ਸੁੱਟੀਆਂ। ਅਚਾਨਕ ਤੇਜ਼ ਉੱਠੀਆਂ ਲਪਟਾਂ ਵਿੱਚ ਉਹ ਕਾਲ਼ੀਆਂ-ਕਾਲ਼ੀਆਂ ਦਿਸੀਆਂ, ਤਿੜਤਿੜ ਕਰਦੀਆਂ, ਧੂੰਆਂ ਛੱਡਣ ਅਤੇ ਟੱਪਣ ਲੱਗੀਆਂ, ਜਲ਼ੇ ਸਿਰੇ ਉੱਪਰ ਨੂੰ ਉੱਠ-ਉੱਠ ਜਾਂਦੇ। ਕੰਬਦੀ ਹੋਈ ਚਮਕ ਚਾਰੇ ਪਾਸੇ ਫੈਲੀ, ਖ਼ਾਸ ਤੌਰ 'ਤੇ ਉੱਪਰ ਨੂੰ। ਅਚਾਨਕ ਪਤਾ ਨਹੀਂ ਕਿੱਧਰੋਂ ਇੱਕ ਚਿੱਟਾ ਕਬੂਤਰ ਰੌਸ਼ਨੀ ਦੇ ਘੇਰੇ ਵਿੱਚ ਉੱਡਦਾ ਆਇਆ, ਡਰਿਆ-ਡਰਿਆ ਜਿਹਾ ਇੱਕ ਹੀ ਜਗ੍ਹਾ 'ਤੇ ਮੰਡਰਾਉਂਦਾ ਰਿਹਾ, ਗਰਮ ਲਾਟ ਨਾਲ਼ ਚਮਕ ਉੱਠਿਆ ਅਤੇ ਖੰਭ ਫੜਫੜਾਉਂਦਾ ਅਲੋਪ ਹੋ ਗਿਆ।

“ਲਗਦਾ ਭਟਕ ਗਿਆ ਹੈ,” ਪਾਵਲੂਸ਼ਾ ਬੋਲਿਆ, “ਹੁਣ ਉੱਡੀ ਜਾਵੇਗਾ, ਜਦੋਂ ਤੱਕ ਕਿਧਰੇ ਟਕਰਾ ਨਹੀਂ ਜਾਂਦਾ। ਜਿੱਥੇ ਟਕਰਾਵੇਗਾ ਉਥੇ ਹੀ ਰਾਤ ਕੱਟੇਗਾ।”

“ਪਾਵਲੂਸ਼ਾ, ਹੋ ਸਕਦਾ ਹੈ, ਇਹ ਕੋਈ ਪਵਿੱਤਰ ਆਤਮਾ ਸਵਰਗ ਜਾ ਰਹੀ ਹੋਵੇ ? ਕਿ ਨਹੀਂ ?” ਕੋਸਤਿਆ ਨੇ ਕਿਹਾ।

ਪਾਵਲੂਸ਼ਾ ਨੇ ਇੱਕ ਹੋਰ ਮੁੱਠੀ ਟਾਹਣੀਆਂ ਦੀ ਅੱਗ ਵਿੱਚ ਸੁੱਟੀ।

“ਹੋ ਸਕਦਾ ਹੈ,” ਆਖ਼ਰ ਉਸਨੇ ਜਵਾਬ ਦਿੱਤਾ।

“ਅੱਛਾ, ਪਾਵਲੂਸ਼ਾ ਇਹ ਗੱਲ ਤਾਂ ਦੱਸ, ਤੁਹਾਡੇ ਸ਼ਲਾਮਵਾਂ ਵਿੱਚ ਵੀ ਉਹ ਦੈਵੀ **ਚਮਤਕਾਰ***

ਚਮਤਕਾਰ* = ਪੇਂਡੂ ਲੋਕ ਸੂਰਜ ਗ੍ਰਹਿਣ ਨੂੰ ਇਹੀ ਕਹਿੰਦੇ ਹਨ। — ਸੰਪਾ:



ਹੋਇਆ ਸੀ ?" ਫ਼ੇਦਿਆ ਨੇ ਫਿਰ ਤੋਂ ਗੱਲ ਛੋਹੀ।

"ਉਹੀ, ਜਦੋਂ ਸੂਰਜ ਦਿਸਣੋਂ ਹਟ ਗਿਆ ਸੀ ? ਕਿ ਨਹੀਂ ?"

"ਤੁਸੀਂ ਸਾਰੇ ਤਾਂ ਬਹੁਤ ਡਰ ਗਏ ਹੋਵੋਂਗੇ ?"

"ਹਾਂ, ਅਸੀਂ ਇਕੱਲੇ ਥੋੜੀ ਡਰੇ ਸੀ। ਸਾਡਾ ਮਾਲਕ ਪਹਿਲਾਂ ਤੋਂ ਦੱਸਦਾ ਰਿਹਾ ਸੀ ਕਿ ਸਾਨੂੰ ਦੈਵੀ ਚਮਤਕਾਰ ਦੇਖਣ ਨੂੰ ਮਿਲ਼ੇਗਾ, ਪਰ ਜਦੋਂ ਹਨੇਰਾ ਹੋਇਆ, ਤਾਂ ਸੁਣਿਆ ਹੈ, ਖ਼ੁਦ ਹੀ ਇੰਨਾ ਡਰ ਗਿਆ ਕਿ ਪੁੱਛੋ ਹੀ ਨਾ ਅਤੇ ਉਹ ਜੋ ਉਸਦੀ ਬਾਵਰਚਣ ਹੈ ਨਾ, ਉਹਨੇ ਤਾਂ ਹਨੇਰਾ ਹੁੰਦਿਆਂ ਹੀ ਸਾਰੀਆਂ ਤੌੜੀਆਂ–ਤੂੜੀਆਂ ਭੰਨ ਦਿੱਤੀਆਂ। ਕਹਿੰਦੀ : 'ਹੁਣ ਕੌਣ ਖਾਵੇਗਾ! ਕਿਆਮਤ ਦਾ ਦਿਨ ਆ ਗਿਆ ਹੈ।' ਬੱਸ ਸਾਰਾ ਖਾਣਾ ਚੁੱਲ੍ਹੇ ਵਿੱਚ ਡਿੱਗ ਪਿਆ। ਸਾਡੇ ਪਿੰਡ ਵਿੱਚ ਤਾਂ ਭਰਾਵਾ ਐਸੀਆਂ–ਐਸੀਆਂ ਅਫ਼ਵਾਹਾਂ ਫੈਲੀਆਂ ਕਿ ਹੁਣ ਸਫੈਦ ਬਘਿਆੜ ਧਰਤੀ ਨੂੰ ਕੁਚਲ ਦੇਣਗੇ, ਲੋਕਾਂ ਨੂੰ ਪਾੜ ਕੇ ਖਾ ਜਾਣਗੇ, ਅਸਮਾਨੋਂ ਖ਼ੂਨੀ ਪੰਛੀ ਝਪਟਣਗੇ, ਅਤੇ ਨਹੀਂ ਤਾਂ ਤ੍ਰਿਸ਼ਕਾ ਹੀ ਪ੍ਰਗਟ ਹੋਵੇਗਾ।"

"ਕੌਣ ਤ੍ਰਿਸ਼ਕਾ ?" ਕੋਸਤਿਆ ਨੇ ਪੁੱਛਿਆ।

"ਤੈਨੂੰ ਨੀਂ ਪਤਾ ?" ਇਲਿਊਸ਼ਾ ਬੜੇ ਜੋਸ਼ ਨਾਲ਼ ਬੋਲਿਆ। "ਉਹ ਵਾਹ ਬਈ, ਕਿਹੜੀ ਧਰਤੀ 'ਤੇ ਰਹਿੰਨੈ, ਜਿਹੜਾ ਤੈਨੂੰ ਇੰਨਾ ਵੀ ਨਹੀਂ ਪਤਾ ਕਿ ਤ੍ਰਿਸ਼ਕਾ ਕੌਣ ਹੈ ? ਖ਼ੂਹ ਦੇ ਡੱਡੂ ਈ ਨੇ ਤੇਰੇ ਪਿੰਡ ਵਾਲ਼ੇ, ਨਿਰੇ ਖ਼ੂਹ ਦੇ ਡੱਡੂ। ਉਏ ਤ੍ਰਿਸ਼ਕਾ ਅਜਿਹਾ ਅਦਭੁੱਤ ਬੰਦਾ ਹੁੰਦਾ ਜੋ ਇੱਕ ਦਿਨ ਆਵੇਗਾ ਅਤੇ ਉਹ ਅਦਭੁੱਤ ਬੰਦਾ ਜਦੋਂ ਆਊਗਾ ਤਾਂ ਕੋਈ ਉਹਨੂੰ ਫੜ ਨਹੀਂ ਸਕੇਗਾ ਅਤੇ ਨਾ ਹੀ ਉਹਦਾ ਕੁੱਝ ਵਿਗਾੜਿਆ ਜਾ ਸਕੇਗਾ: ਇੰਨਾ ਅਦਭੁੱਤ ਹੋਵੇਗਾ ਉਹ। ਹੁਣ ਮੰਨ ਲਵੋ ਕਿਸਾਨ ਉਹਨੂੰ ਫੜਨਾ ਚਾਹੁਣ : ਡੰਡੇ, ਸੋਟੀਆਂ ਲੈਕੇ ਉਹਨੂੰ ਫੜਨ ਨਿੱਕਲਣਗੇ, ਘੇਰ ਲੈਣਗੇ, ਅਤੇ ਉਹ ਉਹਨੂੰ ਦੀਆਂ ਅੱਖਾਂ ਵਿੱਚ ਅਜਿਹਾ ਘੱਟਾ

ਪਾਵੇਗਾ ਇੱਕ ਉਹ ਇੱਕ-ਦੂਜੇ ਨੂੰ ਹੀ ਮਾਰ ਦੇਣਗੇ। ਮੰਨ ਲਓ, ਉਹਨੂੰ ਜੇਲ੍ਹ ਵਿੱਚ ਬੰਦ ਕਰ ਦੇਣ, ਉਹ ਪੀਣ ਲਈ ਪਾਣੀ ਮੰਗੇਗਾ, ਉਸ ਵਿੱਚ ਚੁੱਭੀ ਲਾਵੇਗਾ ਅਤੇ ਬੱਸ ਗਾਇਬ ਹੋ ਜਾਵੇਗਾ। ਉਹਨੂੰ ਬੇੜੀਆਂ, ਜੰਜ਼ੀਰਾਂ ਵਿੱਚ ਕਸ ਦੇਣਗੇ, ਉਹ ਤਾੜੀ ਵਜਾਊਗਾ 'ਤੇ ਉਹ ਸਾਰੀਆਂ ਖੁੱਲ ਜਾਣਗੀਆਂ। ਬੱਸ ਇਹ ਤ੍ਰਿਸ਼ਕਾ ਪਿੰਡ-ਪਿੰਡ, ਸ਼ਹਿਰ-ਸ਼ਹਿਰ ਘੁੰਮਦਾ ਰਹੇਗਾ ਅਤੇ ਭਰਾਵਾ, ਇਹ ਤ੍ਰਿਸ਼ਕਾ ਇੰਨਾ ਕਮੀਨਾ, ਇੰਨਾ ਧੋਖੇਬਾਜ਼ ਹੋਵੇਗਾ ਕਿ ਸਾਰੇ ਭਲੇ ਲੋਕਾਂ ਨੂੰ, ਈਸਾ ਦੇ ਭਗਤਾਂ ਨੂੰ ਭਟਕਾਵੇਗਾ ਅਤੇ ਕੋਈ ਉਸਦਾ ਕੁੱਝ ਵੀ ਨਹੀਂ ਵਿਗਾੜ ਸਕੇਗਾ ਐਸਾ ਅਦਭੁੱਤ, ਕਮੀਨਾ ਆਦਮੀ ਹੋਵੇਗਾ ਉਹ।"

"ਹਾਂ, ਅਜਿਹਾ ਹੀ ਹੋਵੇਗਾ ਉਹ," ਪਾਵਲੂਸ਼ਾ ਨੇ ਹਲਕੇ-ਗੰਭੀਰ ਸੁਰ ਵਿੱਚ ਆਪਣੀ ਗੱਲ ਜਾਰੀ ਰੱਖੀ। "ਬੱਸ ਉਹਦਾ ਹੀ ਇੰਤਜ਼ਾਰ ਸੀ ਸਾਡੇ ਪਿੰਡ। ਵੱਡੇ-ਵੱਡੇ ਕਹਿ ਰਹੇ ਸਨ ਕਿ ਜਿਵੇਂ ਵੀ ਹੋਵੇ ਦੈਵੀ ਚਮਤਕਾਰ ਹੋਵੇਗਾ, ਤਦੇ ਤ੍ਰਿਸ਼ਕਾ ਆ ਪਹੁੰਚੇਗਾ। ਤਾਂ ਲਓ ਜੀ, ਚਮਤਕਾਰ ਹੋ ਵੀ ਗਿਆ। ਅਤੇ ਸਾਰੇ ਲੋਕ ਘਰਾਂ 'ਚੋਂ ਨਿੱਕਲ ਆਏ, ਖੇਤ ਵਿੱਚ ਇਕੱਠੇ ਹੋ ਗਏ, ਦੇਖਣ ਲੱਗੇ ਕਿ ਕੀ ਹੁੰਦਾ ਹੈ। ਸਾਡੇ ਤਾਂ, ਤੈਨੂੰ ਪਤਾ ਹੀ ਹੈ, ਜਗ੍ਹਾ ਖੁੱਲੀ ਹੈ। ਅਚਾਨਕ ਕੀ ਦੇਖਦੇ ਨੇ ਕਿ ਉੱਧਰੋਂ ਟਿੱਲੇ ਤੋਂ ਕੋਈ ਆਦਮੀ ਤੁਰਿਆ ਆ ਰਿਹਾ ਹੈ, ਇੰਨਾ ਕਮਾਲ ਦਾ, ਅਜੀਬੋ-ਗਰੀਬ ਸਿਰ ਉਹਦਾ। ਸਾਰੇ ਚੀਕ ਪਏ : "ਹਾਏ ਤ੍ਰਿਸ਼ਕਾ ਆ ਗਿਆ! ਹਾਏ ਤ੍ਰਿਸ਼ਕਾ ਆ ਗਿਆ! ਅਤੇ ਭੱਜ ਗਏ! ਸਾਡੇ ਪਿੰਡ ਦਾ ਮੁਖੀ ਨਾਲ਼ੇ ਵਿੱਚ ਜਾ ਕੁੱਦਿਆ, ਉਹਦੀ ਘਰਵਾਲ਼ੀ ਫਾਟਕ ਵਿੱਚ ਹੀ ਫਸ ਗਈ, ਚੀਕਣ-ਬੂਕਣ ਲੱਗੀ, ਆਪਣੇ ਕੁੱਤੇ ਨੂੰ ਹੀ ਇੰਨਾ ਡਰਾ ਦਿੱਤਾ ਕਿ ਉਹ ਜੰਜ਼ੀਰ ਤੋੜ ਕੇ ਵਾੜ ਦੇ ਪਾਰ ਟੱਪ ਗਿਆ ਅਤੇ ਪੂੰਛ ਦੱਬ ਕੇ ਜੰਗਲ਼ ਵਿੱਚ ਭੱਜ ਗਿਆ ਅਤੇ ਉਹ ਕੂਜਕਾ ਦਾ ਪਿਓ ਨੀਂ ਦਰਾਫ਼ੇਇਚ, ਉਹ ਜੌਂ ਦੇ ਖੇਤ ਵਿੱਚ ਲੁਕ ਕੇ ਬੈਠ ਗਿਆ, ਅਤੇ ਲੱਗਿਆ ਬਟੇਰੇ ਦੀ ਤਰ੍ਹਾਂ ਚੀਕਣ : 'ਸ਼ਾਇਦ, ਪੰਛੀ 'ਤੇ ਤਾਂ ਹਥਿਆਰ ਨਾ ਹੀ ਚੁੱਕੇ।' ਅਤੇ ਐਸੀ ਭਗਦੜ ਮੱਚੀ ਕਿ ਪੁੱਛੋ ਹੀ ਨਾ! ਉਹ ਆਦਮੀਂ ਤਾਂ ਸਾਡੇ ਹੀ ਪਿੰਡ ਦਾ ਸੀ, ਵਵੀਲਾ, ਜੋ ਲੱਕੜੀ ਦੇ ਪੀਪੇ ਬਣਾਉਂਦਾ ਹੈ। ਉਹਨੇ ਘੜਾ ਖਰੀਦਿਆ ਸੀ ਅਤੇ ਖਾਲੀ ਘੜਾ ਸਿਰ 'ਤੇ ਲਈ ਆ ਰਿਹਾ ਸੀ।"

ਸਾਰੇ ਮੁੰਡੇ ਹੱਸਣ ਲੱਗੇ ਅਤੇ ਫਿਰ ਪਲ ਭਰ ਨੂੰ ਚੁੱਪ ਹੋ ਗਏ, ਜਿਵੇਂ ਕਿ ਅਕਸਰ ਖੁੱਲੀ ਹਵਾ ਵਿੱਚ ਗੱਲਾਂ ਕਰ ਰਹੇ ਲੋਕਾਂ ਨਾਲ਼ ਹੁੰਦਾ ਹੈ। ਮੈਂ ਚਾਰੇ ਪਾਸੇ ਨਜ਼ਰ ਦੌੜਾਈ : ਸੁਹਾਣੀ ਰਾਤ ਸੀ; ਸ਼ਾਮ ਢਲਣ ਦੀ ਤ੍ਰੇਲ਼ੀ ਜਿਹੀ ਤਾਜ਼ਗੀ ਦੀ ਥਾਂ ਹੁਣ ਅੱਧੀ ਰਾਤ ਦੀ ਖੁਸ਼ਕ ਗਰਮਾਹਟ ਨੇ ਲੈ ਲਈ ਸੀ। ਨੀਂਦ ਵਿੱਚ ਡੁੱਬੇ ਖੇਤਾਂ 'ਤੇ ਰਾਤ ਦਾ ਮੁਲਾਇਮ ਪਰਦਾ ਪਿਆ ਹੋਇਆ ਸੀ ਅਤੇ ਉਹਦੇ ਚੁੱਕੇ ਜਾਣ ਵਿੱਚ, ਸਵੇਰ ਦੀ ਪਹਿਲੀ ਸਰਸਰਾਹਟ, ਪਹਿਲੀ ਚਹਿਕ ਹੋਣ ਵਿੱਚ, ਤ੍ਰੇਲ ਦੀਆਂ ਪਹਿਲੀਆਂ ਬੂੰਦਾਂ ਦੀ ਝਿਲਮਿਲਾਹਟ ਹੋਣ ਵਿੱਚ ਹਾਲੇ ਕਾਫੀ ਦੇਰ ਸੀ। ਅਸਮਾਨ 'ਤੇ ਚੰਨ ਨਹੀਂ ਸੀ, ਉਹਦੇ ਦੇਰੀ ਨਾਲ਼ ਨਿੱਕਲਣ ਦੇ ਦਿਨ ਸਨ। ਅਣਗਿਣਤ ਸੁਨਹਿਰੇ ਤਾਰੇ ਟਿਮਟਿਮਾਉਂਦੇ ਹੋਏ ਹੌਲ਼ੀ ਚਾਲੇ ਅਕਾਸ਼ ਗੰਗਾ ਵੱਲ ਵਧਦੇ ਪ੍ਰਤੀਤ ਹੁੰਦੇ ਸਨ

ਅਤੇ ਸੱਚ-ਮੁੱਚ ਹੀ ਉਹਨਾਂ ਨੂੰ ਨਿਹਾਰਦੇ ਹੋਏ ਲਗਦਾ ਸੀ ਕਿ ਜਿਵੇਂ ਅਸੀਂ ਖੁਦ ਧਰਤੀ ਦੀ ਅੰਤਹੀਣ, ਵਰੋਲ਼ੇ ਜਿਹੀ ਗਤੀ ਦਾ ਅਨੁਭਵ ਕਰ ਰਹੇ ਹੋਈਏ। ਅਚਾਨਕ ਨਦੀ 'ਤੇ ਇੱਕ ਤੋਂ ਬਾਅਦ ਇੱਕ ਦੋ ਵਾਰ ਅਜ਼ੀਬ ਜਿਹੀ, ਤਰਸਭਰੀ ਚੀਕ ਗੂੰਜੀ ਅਤੇ ਫਿਰ ਕੁੱਝ ਪਲਾਂ ਬਾਅਦ ਦੂਰੋਂ ਗੂੰਜੀ...

ਕੋਸਤਿਆ ਕੰਬ ਗਿਆ... "ਇਹ ਕੀ ਹੈ ?"

"ਬਗਲਾ ਚੀਕਿਆ ਹੈ," ਪਾਵਲੂਸ਼ਾ ਨੇ ਸ਼ਾਤ ਲਹਿਜੇ ਵਿੱਚ ਕਿਹਾ।

"ਬਗਲਾ," ਕੋਸਤਿਆ ਨੇ ਦੁਹਰਾਇਆ। "ਪਾਵਲੂਸ਼ਾ, ਕੱਲ ਸ਼ਾਮ ਮੈਂ ਕੀ ਸੁਣਿਆ ਸੀ, ਸ਼ਾਇਦ ਤੈਨੂੰ ਪਤਾ ਹੋਵੇ।... "

"ਕੀ ਸੁਣਿਆ ਸੀ ਤੂੰ ?"

"ਹੁਣੇ ਦੱਸਦਾਂ। ਮੈਂ ਕਾਮੇਨਿਆ ਗਿਰਦਾ ਤੋਂ ਸ਼ਸ਼ੀਕਾਨੇ ਜਾ ਰਿਹਾ ਸੀ; ਪਹਿਲਾਂ ਤਾਂ ਹੇਜ਼ਲ ਦੀਆਂ ਝਾੜੀਆਂ ਦੇ ਝੁਰਮਟ ਵਿੱਚ ਤੁਰਦਾ ਰਿਹਾ, ਫਿਰ ਉਹ ਜੋ ਛੋਟੀ ਜਿਹੀ ਚਰਾਗਾਹ ਹੈ ਨਾ ਉਸ ਵਿੱਚ ਤੁਰਨ ਲੱਗਿਆ, ਪਤਾ ਹੈ, ਜਿੱਥੇ ਉਸ ਗੁਫ਼ਾ ਦਾ ਰਾਹ ਹੈ, ਉਥੇ, ਤੈਨੂੰ ਪਤਾ ਹੋਵੇਗਾ, ਇੱਕ ਵੱਡਾ ਟੋਆ ਹੈ, ਜਿਸ ਵਿੱਚ ਪੱਤਝੜ ਵਿੱਚ ਪਿਘਲ਼ੀ ਬਰਫ਼ ਦਾ ਪਾਣੀ ਭਰਿਆ ਹੁੰਦਾ। ਟੋਆ ਸਾਰਾ ਸਰ ਦੇ ਝਾੜ-ਫੂਸ ਨਾਲ਼ ਭਰਿਆ ਪਿਆ ਹੈ। ਬੱਸ ਉਸੇ ਟੋਏ ਦੇ ਕੋਲ਼ੋਂ ਮੈਂ ਜਾ ਰਿਹਾ ਸੀ ਕਿ ਭਰਾਵਾ ਅਚਾਨਕ ਟੋਏ ਵਿੱਚੋਂ ਕੋਈ ਚੀਖ ਪਿਆ, ਇੰਨੀ ਦਰਦ ਭਰੀ ਸੀ : "ਆ-ਆ-ਹ-ਆ-ਆ-ਹ..." ਮੈਂ ਤਾਂ ਭਰਾਵਾ ਬੁਰੀ ਤਰ੍ਹਾਂ ਡਰ ਗਿਆ: ਸ਼ਾਮ ਦਾ ਵੇਲ਼ਾ ਸੀ ਅਤੇ ਉਤੋਂ ਉਹ ਅਵਾਜ਼ ਇੰਨੀ ਦਰਦ ਭਰੀ ਸੀ ਕਿ ਲਗਦਾ ਸੀ ਕਿ ਮੈਂ ਖੁਦ ਵੀ ਰੋ ਪਵਾਂਗਾ। ਕੀ ਹੋ ਸਕਦਾ ਸੀ ਇਹ ? ਹੈਂ ?"

"ਉਸ ਟੋਏ ਵਿੱਚ ਪਿਛਲੇ ਸਾਲ ਚੋਰਾਂ ਨੇ ਬਨਪਾਲ ਹਕੀਮ ਨੂੰ ਡੁਬੋ ਦਿੱਤਾ ਸੀ," ਪਾਵਲੂਸ਼ਾ ਨੇ ਰਾਇ ਦਿੱਤੀ। "ਹੋ ਸਕਦਾ ਹੈ ਉਸਦੀ ਆਤਮਾ ਚੀਖ਼ ਰਹੀ ਹੋਵੇ...."

"ਹਾਏ ਰੱਬਾ," ਕੋਸਤਿਆ ਦੀਆਂ ਵੱਡੀਆਂ-ਵੱਡੀਆਂ ਅੱਖਾਂ ਡਰ ਅਤੇ ਹੈਰਾਨੀ ਨਾਲ਼ ਹੋਰ ਵੀ ਫੈਲ ਗਈਆਂ। "ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਹਕੀਮ ਨੂੰ ਉਥੇ ਡੁਬੋਇਆ ਗਿਆ ਸੀ; ਨਹੀਂ ਤਾਂ ਮੈਂ ਡਰਦਾ ਮਾਰਾ ਉਥੇ ਜਾਂਦਾ ਹੀ ਨਾ।"

"ਕਹਿੰਦੇ ਨੇ, ਅਜਿਹੇ ਛੋਟੇ-ਛੋਟੇ ਡੱਡੂ ਵੀ ਹੁੰਦੇ ਨੇ," ਪਾਵਲੂਸ਼ਾ ਨੇ ਆਪਣੀ ਗੱਲ ਜਾਰੀ ਰੱਖੀ। "ਉਹ ਵੀ ਬੋਲਦੇ ਹਨ ਤਾਂ ਰੋਣ ਲਗਦੇ ਹਨ।"

"ਡੱਡੂ ? ਨਹੀਂ ਉਹ ਡੱਡੂ ਨਹੀਂ ਸੀ... ਡੱਡੂ ਕਿਵੇਂ... (ਨਦੀ 'ਤੇ ਬਗਲੇ ਨੇ ਫਿਰ ਸ਼ੋਰ-ਸ਼ਰਾਬਾ ਕੀਤਾ) ਓਹੋ ਕੰਜਰ!" ਕੋਸਤਿਆ ਦੇ ਮੂੰਹੋਂ ਮੱਲੋ-ਜ਼ੋਰੀ ਨਿੱਕਲਿਆ। "ਜਿਵੇਂ ਜੰਗਲ਼ੀ-ਭੂਤ ਚੀਕ ਰਿਹਾ ਹੋਵੇ।"

"ਜੰਗਲ਼ੀ-ਭੂਤ ਨਹੀਂ ਚੀਕਦਾ, ਉਹ ਤਾਂ ਗੂੰਗਾ ਹੈ," ਇਲਿਊਸ਼ਾ ਨੇ ਗੱਲ ਫੜੀ, "ਉਹ ਤਾਂ ਬੱਸ ਤਾੜੀਆਂ ਵਜਾਉਂਦਾ ਹੈ..."

"ਕੀ ਤੂੰ ਦੇਖਿਆ ਜੰਗਲ਼ੀ-ਭੂਤ ਨੂੰ ?" ਫ਼ੇਦਿਆ ਨੇ ਚੁਟਕੀ ਵਜਾਉਂਦੇ ਪੁੱਛਿਆ।

"ਨਹੀਂ, ਦੇਖਿਆ ਤਾਂ ਨਹੀਂ ਅਤੇ ਰੱਬ ਨਾ ਕਰੇ, ਕਦੇ ਦੇਖਣਾ ਪਵੇ। ਪਰ ਦੂਜਿਆਂ ਨੇ ਦੇਖਿਆ ਹੈ। ਹਾਲੇ ਕੁੱਝ ਦਿਨ ਪਹਿਲਾਂ ਦੀ ਹੀ ਗੱਲ ਹੈ ਸਾਡੇ ਪਿੰਡ ਦੇ ਇੱਕ ਬੰਦੇ ਨੂੰ ਉਸਨੇ ਭਟਕਾਇਆ ਸੀ; ਬੜੀ ਦੇਰ ਤੱਕ ਉਹ ਜੰਗਲ਼ ਵਿੱਚ ਭਟਕਦਾ ਰਿਹਾ, ਬੱਸ ਇੱਕ ਹੀ ਮੈਦਾਨ ਦੇ ਚੱਕਰ ਕੱਟਦਾ ਰਿਹਾ... ਮੁਸ਼ਕਿਲ ਨਾਲ਼ ਕਿਤੇ ਦਿਨ ਚੜ੍ਹੇ ਘਰ ਪਹੁੰਚਿਆ।"

"ਤਾਂ ਕੀ, ਦੇਖਿਆ ਸੀ ਉਹਨੇ ?"

"ਹਾਂ, ਦੇਖਿਆ ਸੀ। ਕਹਿੰਦਾ ਸੀ, ਬਹੁਤ ਵੱਡਾ ਹੈ ਉਹ, ਸ਼ਾਹ ਕਾਲ਼ਾ, ਚਿਥੜਿਆਂ 'ਚ ਲਿਪਟਿਆ ਹੋਇਆ ਅਤੇ ਰੁੱਖਾਂ ਪਿੱਛੇ ਲੁਕਦਾ ਜਾਂਦਾ ਹੈ, ਢੰਗ ਨਾਲ਼ ਨਹੀਂ ਦਿਸਦਾ, ਜਿਵੇਂ ਚੰਨ ਦੀ ਰੌਸ਼ਨੀ ਤੋਂ ਲੁਕ ਰਿਹਾ ਹੋਵੇ ਅਤੇ ਆਪਣੀਆਂ ਇੰਨੀਆਂ ਵੱਡੀਆਂ-ਵੱਡੀਆਂ ਅੱਖਾਂ ਝਪਕਦਾ ਜਾਂਦਾ ਹੈ, ਘੂਰਦਾ ਜਾਂਦਾ ਹੈ..."

"ਓਹ! ਥੂ!" ਥੋੜ੍ਹਾ ਜਿਹਾ ਕੰਬਦੇ ਅਤੇ ਮੋਢੇ ਹਿਲਾਉਂਦੇ ਹੋਏ ਫ਼ੇਦਿਆ ਨੇ ਫਿਟਕਾਰਿਆ।

"ਪਤਾ ਨਹੀਂ ਕਿਉਂ ਇਹ ਗੰਦਗੀ ਧਰਤੀ 'ਤੇ ਫੈਲੀ ਹੋਈ ਹੈ ?" ਪਾਵਲੂਸ਼ਾ ਨੇ ਕਿਹਾ।

"ਦੇਖ, ਬੁਰਾ ਨਾ ਕਹਿ, ਕਿਤੇ ਸੁਣ ਨਾ ਲੈਣ।" ਇਲਿਊਸ਼ਾ ਬੋਲਿਆ।

ਫਿਰ ਤੋਂ ਚੁੱਪ ਛਾ ਗਈ।

"ਦੇਖੋ ਭਰਾਵੋ, ਦੇਖੋ," ਅਚਾਨਕ ਵਾਨੀਆ ਦੀ ਬਾਲੜੀ ਅਵਾਜ਼ ਸੁਣਾਈ ਦਿੱਤੀ। "ਦੇਖੋ ਤਾਂ ਰੱਬ ਦੇ ਪਿਆਰੇ-ਪਿਆਰੇ ਤਾਰਿਆਂ ਨੂੰ, ਮਧੂਮੱਖੀਆਂ ਵਾਂਗ ਮੰਡਰਾ ਰਹੇ ਨੇ।"

ਉਹਨੇ ਚਟਾਈ ਹੇਠੋਂ ਆਪਣਾ ਤਾਜ਼ਗੀ ਭਰਿਆ ਚਿਹਰਾ ਬਾਹਰ ਕੱਢਿਆ, ਮੁੱਠੀ 'ਤੇ ਠੋਡੀ ਰੱਖੀ ਅਤੇ ਹੌਲ਼ੀ-ਹੌਲ਼ੀ ਆਪਣੀਆਂ ਨਾਜ਼ੁਕ ਅੱਖਾਂ ਉੱਪਰ ਚੁੱਕੀਆਂ। ਸਾਰੇ ਮੁੰਡਿਆਂ ਦੀਆਂ ਅੱਖਾਂ ਅਸਮਾਨ ਵੱਲ ਹੋ ਗਈਆਂ ਅਤੇ ਫਿਰ ਦੇਰ ਤੱਕ ਉਥੇ ਹੀ ਟਿਕੀਆਂ ਰਹੀਆਂ।

"ਵਾਨੀਆ," ਫ਼ੇਦਿਆ ਪਿਆਰ ਨਾਲ਼ ਬੋਲਿਆ, "ਤੇਰੀ ਭੈਣ ਅਨਿਊਤਕਾ ਠੀਕ-ਠਾਕ ਹੈ ਨਾ ?"

"ਹਾਂ, ਠੀਕ ਆ।" ਵਾਨੀਆ ਨੇ ਥੋੜ੍ਹਾ ਤੁਤਲਾਉਂਦੇ ਹੋਏ ਜਵਾਬ ਦਿੱਤਾ।

"ਉਹਨੂੰ ਕਹੀਂ ਸਾਡੇ ਘਰੇ ਕਿਉਂ ਨਹੀਂ ਆਉਂਦੀ ?"

"ਪਤਾ ਨਹੀਂ।"

"ਕਹਿ ਦੇਈਂ ਕਿ ਆਇਆ ਕਰੇ।"

"ਕਹਿ ਦੇਵਾਂਗਾ।"

"ਉਹਨੂੰ ਕਹੀਂ ਮੈਂ ਉਹਨੂੰ ਮਠਿਆਈ ਦੇਵਾਂਗਾ।"

"ਮੈਨੂੰ ਦਏਂਗਾ?"

"ਤੈਨੂੰ ਵੀ ਦੇ ਦੇਵਾਂਗਾ।"

ਵਾਨੀਆ ਨੇ ਇੱਕ ਲੰਮਾ ਹਉਂਕਾ ਭਰਿਆ।

"ਨਹੀਂ, ਮੈਨੂੰ ਨਹੀਂ ਚਾਹੀਦੀ। ਤੂੰ ਉਹਨੂੰ ਹੀ ਦੇ ਦੇਈਂ, ਉਹ ਇੰਨੀ ਭਲੀ ਹੈ।"

ਵਾਨੀਆ ਨੇ ਫਿਰ ਤੋਂ ਆਪਣਾ ਸਿਰ ਜ਼ਮੀਨ 'ਤੇ ਟਿਕਾ ਲਿਆ। ਪਾਵਲੂਸ਼ਾ ਖੜਾ ਹੋ ਗਿਆ ਅਤੇ ਖ਼ਾਲੀ ਪਤੀਲਾ ਚੱਕ ਕੇ ਤੁਰ ਪਿਆ।

"ਕਿੱਧਰ ਚੱਲਿਆਂ?" ਫ਼ੇਦਿਆ ਨੇ ਪੁੱਛਿਆ।

"ਨਦੀ 'ਤੇ, ਪਾਣੀ ਲੈਣ: ਪਿਆਸ ਲੱਗੀ ਹੈ।"

ਕੁੱਤੇ ਵੀ ਉੱਠਕੇ ਉਹਦੇ ਮਗਰ ਤੁਰ ਪਏ।

"ਦੇਖੀਂ, ਕਿਤੇ ਨਦੀ ਵਿੱਚ ਨਾ ਡਿੱਗ ਪਵੀਂ!" ਇਲਿਊਸ਼ਾ ਨੇ ਜ਼ੋਰ ਨਾਲ਼ ਕਿਹਾ।

"ਡਿੱਗੇਗਾ ਕਿਉਂ?" ਫ਼ੇਦਿਆ ਨੇ ਕਿਹਾ। "ਸੰਭਲ ਕੇ ਰਹੇਗਾ।"

"ਹਾਂ, ਸੰਭਲ ਕੇ ਰਹੇਗਾ। ਕੁੱਝ ਵੀ ਹੋ ਸਕਦਾ ਹੈ : ਉਹ ਝੁਕੇਗਾ, ਪਾਣੀ ਭਰਨ ਲੱਗੇਗਾ ਅਤੇ ਜਲ-ਭੂਤ ਉਹਦਾ ਹੱਥ ਫੜ ਕੇ ਖਿੱਚ ਲਵੇਗਾ। ਫਿਰ ਲੋਕ ਕਹਿਣਗੇ ਕਿ ਜੀ ਉਹ ਤਾਂ ਪਾਣੀ ਵਿੱਚ ਡਿੱਗ ਪਿਆ, ਡਿੱਗਿਆ-ਡੁਗਿਆ ਕੀ? ਉਹ ਦੇਖੋ ਸਰਕੜਿਆਂ ਵਿੱਚ ਪਹੁੰਚ ਗਿਆ," ਆਹਟ ਸੁਣਦੇ ਹੋਏ ਉਸਨੇ ਕਿਹਾ।

ਸੱਚੀਂ ਹੀ ਸਰਕੜਿਆਂ ਵਿੱਚ ਅਜਿਹੀ ਸਰਸਰਾਹਟ ਹੋਈ, ਜਿਵੇਂ ਕੋਈ ਉਹਨਾਂ ਨੂੰ ਹੱਥ ਨਾਲ਼ ਪਾਸੇ ਕਰ ਰਿਹਾ ਹੋਵੇ।

"ਅੱਛਾ, ਕੀ ਇਹ ਸੱਚ ਹੈ ਕਿ ਅਕੂਲੀਨਾ ਕਮਲ਼ੀ ਉਸੇ ਦਿਨ ਤੋਂ ਹੋਈ ਹੈ, ਜਦੋਂ ਉਹ ਪਾਣੀ ਵਿੱਚ ਡਿੱਗ ਪਈ ਸੀ?" ਕੋਸਤਿਆ ਨੇ ਪੁੱਛਿਆ।

"ਹਾਂ, ਉਦੋਂ ਤੋਂ ਹੀ। ਦੇਖੋ ਤਾਂ ਕੀ ਹਾਲ ਹੋ ਗਿਆ ਹੈ। ਸੁਣਿਆ ਹੈ, ਪਹਿਲਾਂ ਬੜੀ ਸੋਹਣੀ ਸੀ। ਜਲ-ਭੂਤ ਨੇ ਉਹਦਾ ਦਿਮਾਗ਼ ਖ਼ਰਾਬ ਕਰ ਦਿੱਤਾ। ਉਹਨੂੰ ਇਹ ਉਮੀਦ ਨਹੀਂ ਹੋਣੀ ਕਿ ਅਕੂਲੀਨਾ ਨੂੰ ਇੰਨੀ ਛੇਤੀ ਕੱਢ ਲੈਣਗੇ। ਬੱਸ ਉਹਨੇ ਉਸਨੂੰ ਆਪਣੇ ਇਲਾਕੇ, ਨਦੀ ਦੇ ਤਲ 'ਤੇ, ਖ਼ਰਾਬ ਕਰ ਦਿੱਤਾ।"

(ਇਸ ਅਕੂਲੀਨਾ ਨੂੰ ਮੈਂ ਆਪਣੀਆਂ ਅੱਖਾਂ ਨਾਲ਼ ਕਈ ਵਾਰ ਦੇਖਿਆ ਸੀ। ਚਿਥੜਿਆਂ 'ਚ

ਲਿਪਟੀ, ਬੇਹੱਦ ਕਮਜ਼ੋਰ, ਕੋਲੇ ਜਿਹਾ ਚਿਹਰਾ, ਅੱਖਾਂ ਇਕਦਮ ਭਾਵਨਾਹੀਣ, ਹਰ ਵੇਲ਼ੇ ਦੰਦੀਆਂ ਕੱਢਦੀ ਉਹ ਸੜਕ 'ਤੇ ਘੰਟਿਆਂ ਤੱਕ ਕਿਸੇ ਇੱਕ ਹੀ ਜਗ੍ਹਾ 'ਤੇ ਖੜੀ ਰਹਿੰਦੀ ਹੈ, ਆਪਣੀਆਂ ਹੱਡਲ਼ ਬਾਹਾਂ ਛਾਤੀ ਨਾਲ਼ ਬੰਨੀਂ ਅਤੇ ਹੌਲ਼ੀ-ਹੌਲ਼ੀ ਪੈਰ ਬਦਲਦੀ ਡੋਲ਼ਦੀ ਰਹਿੰਦੀ ਹੈ, ਜਿਵੇਂ ਪਿੰਜਰੇ 'ਚ ਬੰਦ ਕੋਈ ਜੰਗਲੀ ਜਾਨਵਰ ਹੋਵੇ। ਉਹਨੂੰ ਕੁੱਝ ਵੀ ਕਹੋ ਉਹ ਕੁੱਝ ਵੀ ਨਹੀਂ ਸਮਝਦੀ, ਬੱਸ ਕਦੇ-ਕਦਾਈਂ ਠਹਾਕੇ ਮਾਰਕੇ ਹੱਸਣ ਲਗਦੀ ਹੈ।)

"ਸੁਣਿਆ ਹੈ," ਕੋਸਤਿਆ ਕਹਿ ਰਿਹਾ ਸੀ, "ਅਕੂਲੀਨਾ ਨੇ ਇਸ ਕਰਕੇ ਨਦੀ ਵਿੱਚ ਛਾਲ ਮਾਰੀ ਸੀ ਕਿ ਉਸਦੇ ਪ੍ਰੇਮੀ ਨੇ ਉਸਨੂੰ ਧੋਖਾ ਦਿੱਤਾ ਸੀ।"

"ਹਾਂ, ਏਸੇ ਕਰਕੇ।"

"ਯਾਦ ਹੈ, ਇੱਕ ਵਾਸਿਆ ਸੀ ?" ਕੋਸਤਿਆ ਨੇ ਦੁਖੀ ਲਹਿਜੇ ਵਿੱਚ ਕਿਹਾ।

"ਕੌਣ ਵਾਸਿਆ ?" ਫ਼ੇਦਿਆ ਨੇ ਪੁੱਛਿਆ।

"ਉਹੀ, ਜੋ ਡੁੱਬ ਗਿਆ ਸੀ," ਕੋਸਤਿਆ ਨੇ ਜਵਾਬ ਦਿੱਤਾ, "ਇਸੇ ਨਦੀ ਵਿੱਚ। ਕਿੰਨਾ ਚੰਗਾ ਮੁੰਡਾ ਸੀ! ਹਾਏ, ਕਿੰਨਾ ਚੰਗਾ! ਅਤੇ ਉਹਦੀ ਮਾਂ, ਫ਼ੇਕਲੀਸਤਾ ਉਹਨੂੰ ਕਿੰਨਾ ਪਿਆਰ ਕਰਦੀ ਸੀ, ਆਪਣੇ ਵਾਸਿਆ ਨੂੰ! ਜਿਵੇਂ ਉਹਨੂੰ ਪਤਾ ਸੀ ਕਿ ਬੇਟੇ ਨੂੰ ਪਾਣੀ ਵਿੱਚ ਹੀ ਮੌਤ ਆਉਣੀ ਹੈ। ਗਰਮੀਆਂ ਵਿੱਚ ਅਸੀਂ ਸਾਰੇ ਜੁਆਕ ਨਦੀ ਵਿੱਚ ਨਹਾਉਣ ਜਾਂਦੇ, ਤਾਂ ਉਹ ਵੀ ਸਾਡੇ ਨਾਲ਼ ਹੋ ਜਾਂਦਾ, ਮਾਂ ਉਹਦੀ ਡਰ ਨਾਲ਼ ਪੀਲ਼ੀ ਪੈ ਜਾਂਦੀ। ਦੂਜੀਆਂ ਸੁਆਣੀਆਂ ਨੂੰ ਕੋਈ ਪਰਵਾਹ ਨਹੀਂ, ਉਹ ਆਪਣੇ ਕੱਪੜੇ ਧੋਣ ਵਾਲ਼ੀਆਂ ਲੱਕੜੀ ਦੀਆਂ ਵੱਡੀਆਂ ਚਿਰਮਚੀਆਂ ਚੁੱਕੀ ਤੁਰੀਆਂ ਜਾਂਦੀਆਂ। ਪਰ ਉਹ, ਫ਼ੇਕਲੀਸਤਾ ਚਿਰਮਚੀ ਜ਼ਮੀਨ 'ਤੇ ਰੱਖ ਦਿੰਦੀ ਅਤੇ ਪੁਕਾਰਨ ਲਗਦੀ : "ਮੁੜ ਆ, ਮੇਰੇ ਲਾਲ! ਨਾ ਜਾਹ, ਮੇਰੀਆਂ



ਅੱਖਾਂ ਦੇ ਤਾਰੇ!" ਰੱਬ ਜਾਣੇ ਕਿਵੇਂ ਡੁੱਬ ਗਿਆ। ਕਿਨਾਰੇ 'ਤੇ ਹੀ ਤਾਂ ਖੇਡ ਰਿਹਾ ਸੀ, ਮਾਂ ਵੀ ਉਥੇ ਹੀ ਸੀ, ਵੱਢੇ ਹੋਏ ਘਾਹ ਦਾ ਢੇਰ ਲਾ ਰਹੀ ਸੀ: ਅਚਾਨਕ ਉਹਨੇ ਸੁਣਿਆ ਕਿ ਕੋਈ ਪਾਣੀ ਵਿੱਚ ਬੁਲਬੁਲੇ ਛੱਡ ਰਿਹਾ ਹੈ, ਮੁੜਕੇ ਦੇਖਿਆ ਤਾਂ ਬੱਸ ਵਾਸਿਆ ਦੀ ਟੋਪੀ ਦੀ ਪਾਣੀ 'ਤੇ ਤੈਰ ਰਹੀ ਸੀ। ਬੱਸ ਉਦੋਂ ਤੋਂ ਹੀ ਫ਼ੇਕਲੀਸਤਾ ਦੀ ਮੱਤ ਮਾਰੀ ਗਈ ਹੈ। ਮੁੰਡਾ ਜਿੱਥੇ ਡੁੱਬਿਆ ਸੀ, ਉਸੇ ਜਗ੍ਹਾ ਆ ਕੇ ਲਿਟ ਜਾਂਦੀ ਹੈ, ਤੇ ਭਰਾਵਾ, ਲਿਟਕੇ ਉਹੀ ਗੀਤ ਛੋਹ ਲੈਂਦੀ ਹੈ — ਯਾਦ ਹੈ, ਵਾਸਿਆ ਉਹ ਗੀਤ ਗਾਉਂਦਾ ਹੁੰਦਾ ਸੀ? ਬੱਸ ਉਹੀ ਗੀਤ ਉਹ ਵੀ ਛੇੜ ਲੈਂਦੀ ਹੈ ਅਤੇ ਖੁਦ ਰੋਂਦੀ ਜਾਂਦੀ ਹੈ, ਰੱਬ ਅੱਗੇ ਆਪਣਾ ਦੁਖੜਾ ਰੋਂਦੀ ਹੈ..."

"ਲਓ, ਪਾਵਲੂਸ਼ਾ ਆ ਰਿਹਾ ਹੈ," ਫ਼ੇਦਿਆ ਨੇ ਕਿਹਾ।

ਪਾਣੀ ਭਰਿਆ ਪਤੀਲਾ ਹੱਥ ਵਿੱਚ ਲਈ ਪਾਵਲੂਸ਼ਾ ਧੂਣੀ ਕੋਲ਼ ਆਇਆ। ਥੋੜ੍ਹੀ ਦੇਰ ਚੁੱਪ ਰਹਿਕੇ ਬੋਲਿਆ :

"ਕਿਉਂ, ਭਰਾਵੋ, ਮਾਮਲਾ ਕੁੱਝ ਗੜਬੜ ਹੈ।"

"ਕਿਉਂ, ਕੀ ਹੋਇਆ?" ਕੋਸਤਿਆ ਨਾਲ਼ ਹੀ ਨੇ ਪੁੱਛਿਆ।

"ਮੈਂ ਵਾਸਿਆ ਦੀ ਅਵਾਜ਼ ਸੁਣੀ ਹੈ।"

ਇਕਦਮ ਸਾਰੇ ਸਹਿਮ ਗਏ।

"ਉਏ, ਹੋਏ, ਇਹ ਕੀ ਕਹਿਨਾ ਏਂ, ਤੂੰ?" ਕੋਸਤਿਆ ਜਲਦੀ-ਜਲਦੀ ਬੁੜਬੁੜਾਇਆ।

"ਰੱਬ ਦੀ ਸਹੁੰ। ਮੈਂ ਪਾਣੀ ਵੱਲ ਝੁਕਣ ਲੱਗਿਆ, ਉਦੋਂ ਹੀ ਕੀ ਸੁਣਦਾ ਹਾਂ, ਕੋਈ ਵਾਸਿਆ ਦੀ ਅਵਾਜ਼ ਵਿੱਚ ਮੈਨੂੰ ਬੁਲਾ ਰਿਹਾ ਹੈ ਅਤੇ ਜਿਵੇਂ ਪਾਣੀ ਦੇ ਹੇਠੋਂ ਅਵਾਜ਼ ਆ ਰਹੀ ਹੋਵੇ: "ਪਾਵਲੂਸ਼ਾ, ਉਏ ਪਾਵਲੂਸ਼ਾ, ਇੱਧਰ ਆ।" ਮੈਂ ਤੁਰੰਤ ਪਿੱਛੇ ਹਟ ਗਿਆ। ਹਾਂ, ਪਰ ਪਾਣੀ ਭਰ ਲਿਆ।"

"ਓ ਰੱਬਾ! ਓ ਰੱਬਾ!" ਮੁੰਡਿਆਂ ਨੇ ਸਲੀਬ ਦਾ ਨਿਸ਼ਾਨ ਬਣਾਉਂਦੇ ਹੋਏ ਕਿਹਾ।

"ਇਹ ਤਾਂ ਜਲ-ਭੂਤ ਨੇ ਤੈਨੂੰ ਬੁਲਾਇਆ ਹੋਵੇਗਾ," ਫ਼ੇਦਿਆ ਨੇ ਕਿਹਾ, "ਅਸੀਂ ਹੁਣੇ-ਹੁਣੇ ਵਾਸਿਆ ਦੀ ਹੀ ਗੱਲ ਕਰ ਰਹੇ ਸੀ।"

"ਉਹੋ, ਇਹ ਤਾਂ ਬੁਰਾ ਸ਼ਗਨ ਹੈ।," ਇਲਿਊਸ਼ਾ ਨੇ ਹੌਲ਼ੀ-ਹੌਲ਼ੀ ਬੋਲਦੇ ਹੋਏ ਕਿਹਾ।

"ਕੋਈ ਗੱਲ ਨਹੀਂ, ਹੋਵੇ ਪਰਾਂ," ਪਾਵਲੂਸ਼ਾ ਨੇ ਦ੍ਰਿੜਤਾ ਨਾਲ਼ ਕਿਹਾ ਅਤੇ ਬੈਠ ਗਿਆ। "ਜੋ ਕਿਸਮਤ ਵਿੱਚ ਲਿਖਿਆ ਹੈ ਉਹ ਹੋ ਕੇ ਰਹੇਗਾ।"

ਮੁੰਡੇ ਸ਼ਾਂਤ ਹੋ ਗਏ। ਪਾਵਲੂਸ਼ਾ ਦੇ ਸ਼ਬਦਾਂ ਨੇ ਉਹਨਾਂ 'ਤੇ ਡੂੰਘਾ ਅਸਰ ਹੋਇਆ ਲਗਦਾ ਸੀ। ਉਹ ਜਿਵੇਂ ਸੌਣ ਦੀ ਤਿਆਰੀ ਕਰਦੇ ਹੋਏ ਅੱਗ ਦੇ ਸਾਹਮਣੇ ਲੇਟਣ ਲੱਗੇ।

"ਉਏ, ਆਹ ਕੀ?" ਚਾਣਚੱਕ ਕੋਸਤਿਆ ਨੇ ਉੱਠ ਕੇ ਪੁੱਛਿਆ।

ਪਾਵਲੂਸ਼ਾ ਨੇ ਕੰਨ ਲਾ ਕੇ ਸੁਣਿਆ।

"ਬਗ਼ਲੇ ਉੱਡ ਰਹੇ ਨੇ, ਚਹਿਕ ਰਹੇ ਨੇ।"

"ਕਿੱਧਰ ਉੱਡੇ ਜਾ ਰਹੇ ਨੇ ?"

"ਉਹਨਾਂ ਦੇਸ਼ਾਂ ਨੂੰ ਜਿੱਥੇ ਕਹਿੰਦੇ ਨੇ ਕਿ ਕਦੇ ਠੰਡ ਨਹੀਂ ਪੈਂਦੀ।"

"ਕੀ ਅਜਿਹੇ ਦੇਸ਼ ਵੀ ਹਨ ?"

"ਹਾਂ, ਹੈਗੇ ਨੇ।"

"ਦੂਰ ਨੇ ?"

"ਬਹੁਤ ਦੂਰ, ਗਰਮ ਸਮੁੰਦਰਾਂ ਦੇ ਪਾਰ।"

ਕੋਸਤਿਆ ਨੇ ਲੰਮਾ ਹਉਂਕਾ ਲਿਆ ਅਤੇ ਅੱਖਾਂ ਬੰਦ ਕਰ ਲਈਆਂ।


ਮੁੰਡਿਆਂ ਕੋਲ਼ ਆਏ ਮੈਨੂੰ ਤਿੰਨ ਘੰਟੇ ਬੀਤ ਚੱਲੇ ਸਨ। ਅਖ਼ੀਰ ਚੰਨ ਨਿੱਕਲ਼ ਆਇਆ ਸੀ। ਮੈਂ ਤਾਂ ਉਸਨੂੰ ਤੁਰੰਤ ਦੇਖ ਹੀ ਨਹੀਂ ਸਕਿਆ: ਇੰਨਾ ਛੋਟਾ ਅਤੇ ਪਤਲਾ ਸੀ ਉਹ। ਚੰਨ ਵਿਹੂਣੀ ਰਾਤ ਪਹਿਲਾਂ ਦੀ ਤਰ੍ਹਾਂ ਹੀ ਰਾਜਸ਼ਾਹੀ ਚੌਧਰ ਨਾਲ਼ ਫੈਲੀ ਹੋਈ ਸੀ। ਹਾਂ, ਹੁਣ ਕਈ ਤਾਰੇ, ਜੋ ਥੋੜੀ ਦੇਰ ਪਹਿਲਾਂ ਅਕਾਸ਼ ਵਿੱਚ ਬਹੁਤ ਉੱਚੇ ਦਿਸ ਰਹੇ ਸਨ, ਧਰਤੀ ਦੇ ਹਨੇਰੇ ਸਿਰੇ ਵੱਲ ਝੁਕ ਰਹੇ ਸਨ; ਚਾਰੇ ਪਾਸੇ ਸੰਘਣੀ ਖਮੋਸ਼ੀ ਸੀ, ਜਿਵੇਂ ਕਿ ਸਿਰਫ਼ ਰਾਤ ਦੇ ਆਖ਼ਰੀ ਪਹਿਰ ਵਿੱਚ ਹੁੰਦੀ ਹੈ, ਸਾਰਾ ਕੁੱਝ ਡੂੰਘੀ, ਅਟੁੱਟ ਨੀਂਦ ਵਿੱਚ ਡੁੱਬਿਆ ਹੋਇਆ ਸੀ, ਪਹੁ ਫੁੱਟਣ ਤੋਂ ਪਹਿਲਾਂ ਦੀ ਨੀਂਦ ਵਿੱਚ। ਹਵਾ ਵਿੱਚ ਫੈਲੀਆਂ ਸੁਗੰਧੀਆਂ ਹੁਣ ਮੱਠੀਆਂ ਪੈ ਚੁੱਕੀਆਂ ਸਨ, ਸਮਝੋ ਫਿਰ ਤੋਂ ਨਮੀਂ ਆਉਂਦੀ ਜਾ ਰਹੀ ਸੀ। ਗਰਮੀਆਂ ਦੀਆਂ ਰਾਤਾਂ ਕਿੰਨੀਆਂ ਛੋਟੀਆਂ ਹੁੰਦੀਆਂ ਨੇ! ਬੁਝਦੀ ਧੂਣੀ ਦੇ ਨਾਲ਼-ਨਾਲ਼ ਮੁੰਡਿਆਂ ਦੀ ਗੱਲਬਾਤ ਵੀ ਖ਼ਤਮ ਹੁੰਦੀ ਜਾ ਰਹੀ ਸੀ, ਕੁੱਤੇ ਤਾਂ ਉਬਾਸੀਆਂ ਹੀ ਲੈ ਰਹੇ ਸਨ; ਤਾਰਿਆਂ ਦੀ ਝਿਲਮਿਲ ਮੱਠੀ ਰੌਸ਼ਨੀ ਵਿੱਚ ਜਿੱਥੇ ਤੱਕ ਮੈਨੂੰ ਦਿਸਦਾ ਸੀ, ਘੋੜੇ ਵੀ ਸਿਰ ਲਮਕਾਈ ਸੌਂ ਰਹੇ ਸੀ, ਸੁਸਤ ਬੇਹੋਸ਼ੀ ਨੇ ਮੈਨੂੰ ਘੇਰ ਲਿਆ ਅਤੇ ਮੇਰੀ ਅੱਖ ਲੱਗ ਗਈ।

ਤਾਜ਼ੀ ਹਵਾ ਦਾ ਬੁੱਲਾ ਮੇਰੇ ਚਿਹਰੇ ਨੂੰ ਛੂੰਹਦਾ ਹੋਇਆ ਲੰਘ ਗਿਆ। ਮੈਂ ਅੱਖਾਂ ਖੋਲੀਆਂ: ਸਵੇਰ ਹੋ ਰਹੀ ਸੀ। ਪਹੁ ਫੁਟਾਲੇ ਦੀ ਲਾਲੀ ਹਾਲੇ ਕਿਧਰੇ ਵੀ ਛਾਈ ਨਹੀਂ ਸੀ, ਪਰ ਪੂਰਬ ਵਿੱਚ ਚਾਨਣ ਹੋ ਚੱਲਿਆ ਸੀ: ਚਾਰੇ ਪਾਸੇ ਸਭ ਕੁੱਝ ਦਿਸਣ ਲੱਗ ਪਿਆ, ਭਾਵੇਂ ਧੁੰਦਲ਼ਾ-ਧੁੰਦਲ਼ਾ ਹੀ ਸਹੀ, ਪਰ ਦਿਸ ਰਿਹਾ ਸੀ। ਹਲਕਾ ਸੁਰਮਈ ਅਕਾਸ਼ ਨਿੱਖਰਦਾ ਜਾ ਰਿਹਾ ਸੀ, ਉਸ ਵਿੱਚ ਠੰਡਾ ਨੀਲਾ ਰੰਗ ਭਰਦਾ ਜਾ ਰਿਹਾ ਸੀ। ਤਾਰੇ ਕਦੇ ਟਿਮਟਿਮਾਉਂਦੇ ਕਦੇ ਓਝਲ਼ ਹੋ ਜਾਂਦੇ, ਧਰਤੀ ਦੀ ਹਿੱਕ ਗਿੱਲੀ ਹੋ ਗਈ ਸੀ, ਪੱਤਿਆਂ 'ਤੇ ਤ੍ਰੇਲ ਸੀ। ਕਿਤੋਂ-ਕਿਤੋਂ ਜੀਵਨ ਦੀਆਂ ਧੁਨੀਆਂ ਅਤੇ ਸੁਰ ਆਉਣ ਲੱਗੇ ਅਤੇ ਸਵੇਰ ਦੀ ਪੌਣ ਫੜਫੜਾਉਂਦੀ

ਹੋਈ ਧਰਤੀ ’ਤੇ ਰੁਮਕਣ ਲੱਗੀ। ਉਹਦੀ ਮਨਮੋਹਕ ਛੋਹ ਨਾਲ਼ ਮੇਰੇ ਸਰੀਰ ਵਿੱਚ ਹਲਕਾ ਜਿਹਾ ਮਿੱਠਾ-ਮਿੱਠਾ ਕਾਂਬਾ ਛਿੜਿਆ। ਮੈਂ ਝੱਟਪਟ ਉੱਠਿਆ ਅਤੇ ਮੁੰਡਿਆਂ ਕੋਲ਼ ਗਿਆ। ਹੌਲ਼ੀ-ਹੌਲ਼ੀ ਸੁਲ਼ਗਦੀ ਹੋਈ ਧੂਣੀ ਦੇ ਦੁਆਲ਼ੇ ਉਹ ਬੇਸੁਰਤ ਪਏ ਸਨ। ਸਿਰਫ਼ ਪਾਵਲੂਸ਼ਾ ਹੀ ਅੱਧਾ ਕੁ ਜਾਗਿਆ ਅਤੇ ਧਿਆਨ ਨਾਲ਼ ਮੇਰੇ ਵੱਲ ਵੇਖਣ ਲੱਗਾ।

ਮੈਂ ਸਿਰ ਹਿਲਾਕੇ ਉਸਤੋਂ ਵਿਦਾ ਲਈ ਅਤੇ ਨਦੀ ਦੇ ਕਿਨਾਰੇ-ਕਿਨਾਰੇ ਚੱਲ ਪਿਆ। ਨਦੀ ਵਿੱਚੋਂ ਭਾਫ਼ ਉੱਠ ਰਹੀ ਸੀ। ਮੈਂ ਕੋਈ ਡੇਢ ਮੀਲ ਹੀ ਗਿਆ ਹੋਵਾਂਗਾ ਕਿ ਮੇਰੇ ਚਾਰੇ ਪਾਸਿਓਂ- ਭਿੱਜੀ ਚਰਾਗਾਹ ਵਿੱਚ, ਅਤੇ ਦੂਰ, ਸਾਹਮਣੇ-ਜੰਗਲ ਤੋਂ ਜੰਗਲ ਤੱਕ ਫੈਲੇ ਹਰੇ-ਹਰੇ ਟਿੱਲਿਆਂ ’ਤੇ, ਅਤੇ ਪਿੱਛੇ — ਧੂੜ ਭਰੀ ਲੰਮੀ ਸੜਕ ’ਤੇ, ਝਿਲਮਿਲਾਉਂਦੀਆਂ ਲਾਲ ਝਾੜੀਆਂ ’ਤੇ ਅਤੇ ਮੱਠੇ ਪੈਂਦੇ ਕੋਰੇ ਹੇਠ ਸ਼ਰਮ ਨਾਲ਼ ਆਪਣੀ ਨੀਲੀ ਛਾਤੀ ਉਘਾੜਦੀ ਨਦੀ ’ਤੇ ਨਵੀਂ ਰੌਸ਼ਨੀ ਫੈਲਣ ਲੱਗੀ, ਪਹਿਲਾਂ ਹਲਕੀ ਲਾਲ, ਫਿਰ ਗਾੜ੍ਹੀ ਅਤੇ ਫਿਰ ਸੁਨਹਿਰੀ। ਹਰ ਸ਼ੈਅ ਹਰਕਤ ਵਿੱਚ ਆ ਰਹੀ ਸੀ, ਜਾਗ ਰਹੀ ਸੀ, ਗਾ ਰਹੀ ਸੀ, ਕਰਵਟ ਲੈ ਰਹੀ ਸੀ, ਚਹਿਕ ਰਹੀ ਸੀ। ਤ੍ਰੇਲ ਦੀਆਂ ਵੱਡੀਆਂ-ਵੱਡੀਆਂ ਬੂੰਦਾਂ ਹਰ ਥਾਂ ਹੀਰਿਆਂ ਵਾਂਗ ਚਮਕ ਪਈਆਂ; ਸਾਹਮਣੇ ਦੇ ਗਿਰਜੇ ਦੇ ਘੰਟੇ ਦੇ ਸਪੱਸ਼ਟ, ਜਿਵੇਂ ਸਵੇਰ ਦੀ ਠੰਡਕ ਨਾਲ਼ ਨਿੱਖਰੇ ਸੁਰ ਹਵਾ ਵਿੱਚ ਤੈਰਦੇ ਆਏ ਅਤੇ ਫਿਰ ਅਚਾਨਕ ਥਕਾਵਟ ਦੂਰ ਕਰ ਚੁੱਕੇ ਘੋੜਿਆਂ ਦਾ ਝੁੰਡ ਮੇਰੇ ਕੋਲ਼ੋਂ ਲੰਘ ਗਿਆ। ਮੇਰੀ ਪਹਿਚਾਣ ਦੇ ਮੁੰਡੇ ਹੀ ਉਹਨਾਂ ਨੂੰ ਦਵੱਲੀ ਲਿਜਾ ਰਹੇ ਸਨ।

ਮੈਨੂੰ ਅਫ਼ਸੋਸ ਨਾਲ਼ ਇੰਨਾ ਹੋਰ ਕਹਿਣਾ ਪੈ ਰਿਹਾ ਹੈ ਕਿ ਉਸੇ ਸਾਲ ਪਾਵਲੂਸ਼ਾ ਚੱਲ ਵਸਿਆ। ਉਹ ਡੁੱਬਿਆ ਨਹੀਂ, ਘੋੜੇ ਤੋਂ ਡਿੱਗ ਕੇ ਮਰ ਗਿਆ। ਦੁੱਖ ਦੀ ਗੱਲ ਹੈ : ਬੜਾ ਚੰਗਾ ਮੁੰਡਾ ਸੀ!





ਇਵਾਨ ਤੁਰਗੇਨੇਵ

੧੮੧੮ – ੧੮੮੩

ਅਨੁਰਾਗ ਟਰੱਸਟ